TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਮੰਗਲਵਾਰ, 15 ਜੁਲਾਈ, 2025
Email : lokbani08@gmail.com

ਧੰਨਵਾਦ

ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 16 ਅੰਕ: 327 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਬਿਕਰਮ ਮਜੀਠੀਆ ਦੀ ਬੈਰਕ ਬਦਲਣ ਬਾਰੇ ਸੁਣਵਾਈ 17 ਨੂੰ

### ਜ਼ਮਾਨਤ ਅਰਜ਼ੀ 'ਤੇ ਮੁਹਾਲੀ ਕੋਰਟ 'ਚ 22 ਨੂੰ ਹੋਵੇਗੀ ਸੁਣਵਾਈ

ਐੱਸਏਐੱਸ ਨਗਰ(ਮੁਹਾਲੀ), (ਲੋਕ ਬਾਣੀ)-ਆਮਦਨ ਤੋਂ ਵੱਧ ਜਾਇਦਾਦ ਕੇਸ 'ਚ ਨਾਭਾ ਦੀ ਨਿਊ ਜੇਲ੍ਹ ਵਿੱਚ ਨਿਆਂਇਕ ਹਿਰਾਸਤ ਤਹਿਤ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਜੇਲ੍ਹ ਵਿਚਲੀ ਬੈਰਕ ਬਦਲਣ ਸਬੰਧੀ ਪਟੀਸ਼ਨ 'ਤੇ ਹੁਣ 17 ਜੁਲਾਈ ਨੂੰ ਸੁਣਵਾਈ ਹੋਵੇਗੀ। ਮਜੀਠੀਆ ਦੀ ਜ਼ਮਾਨਤ ਲਈ ਅੱਜ ਉਨ੍ਹਾਂ ਦੇ ਵਕੀਲ ਐੱਚਐੱਸ ਧਨੋਆ ਵੱਲੋਂ ਦਾਇਰ ਪਟੀਸ਼ਨ ਉੱਤੇ ਸੁਣਵਾਈ 22 ਜੁਲਾਈ ਨੂੰ ਹੋਵੇਗੀ। ਇਸ ਤੋਂ ਪਹਿਲਾਂ ਮਜੀਠੀਆ ਦੇ ਵਕੀਲਾਂ ਵੱਲੋਂ 11 ਜੁਲਾਈ ਨੂੰ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਗਈ ਸੀ। ਅਦਾਲਤ ਵੱਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ 14 ਜੁਲਾਈ ਨੂੰ ਜਵਾਬ ਦਾਅਵਾ ਪੇਸ਼ ਕਰਨ ਲਈ ਕਿਹਾ ਗਿਆ ਸੀ। ਪੰਜਾਬ ਸਰਕਾਰ ਵੱਲੋਂ ਅੱਜ ਅਦਾਲਤ ਵਿੱਚ ਦਾਅਵਾ ਨਾ ਪੇਸ਼ ਕੀਤੇ ਜਾਣ ਕਾਰਨ ਹੁਣ ਕੇਸ ਦੀ ਅਗਲੀ ਸੁਣਵਾਈ 17 ਜੁਲਾਈ ਨੂੰ ਹੋਵੇਗੀ। ਵਿਜੀਲੈਂਸ ਵੱਲੋਂ ਮਜੀਠੀਆ ਦੀ ਜਾਇਦਾਦ ਦੀ ਜਾਂਚ ਕਰਨ ਲਈ ਅਦਾਲਤ ਵਿੱਚੋਂ ਸਰਚ ਵਾਰੰਟ ਹਾਸਲ ਕਰਨ ਲਈ ਦਾਇਰ ਕੀਤੀ ਪਟੀਸ਼ਨ ਉੱਤੇ ਵੀ ਅਗਲੀ ਸੁਣਵਾਈ 17 ਜੁਲਾਈ ਨੂੰ ਹੋਵੇਗੀ। ਮਜੀਠੀਆ ਦੇ ਵਕੀਲ ਐੱਚਐੱਸ ਧਨੋਆ ਅਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨ 'ਚ ਉਨ੍ਹਾਂ ਨੂੰ ਨਾਭਾ ਦੀ ਨਿਊ ਜੇਲ੍ਹ ਵਿੱਚ ਓਰੇਂਜ ਕੈਟੇਗਰੀ ਅਨੁਸਾਰ ਬੈਰਕ ਮੁਹੱਈਆ ਕਰਾਉਣ ਦੀ ਮੰਗ ਕੀਤੀ ਗਈ ਹੈ। ਵਕੀਲਾਂ ਦੀ ਦਲੀਲ ਸੀ ਕਿ ਸ੍ਰੀ ਮਜੀਠੀਆ ਸਾਬਕਾ ਮੰਤਰੀ ਤੇ ਵਿਧਾਇਕ ਰਹੇ ਹਨ। ਉਨ੍ਹਾਂ ਨੂੰ ਜੇਲ੍ਹ ਮੈਨੂਅਲ ਅਨੁਸਾਰ ਬੈਰਕ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਸਜ਼ਾ ਯਾਫ਼ਤਾ ਜਾਂ ਹਵਾਲਾਤੀ ਕੈਦੀਆਂ ਤੋਂ ਵੱਖ ਰੱਖਿਆ ਜਾਵੇ।



## ਯਾਤਰਾ ਤੋਂ ਪਹਿਲਾਂ 24 ਘੰਟੇ ਲਈ ਇੰਟਰਨੈੱਟ ਤੇ SMS ਸੇਵਾ ਬੰਦ, 2500 ਕਰਮਚਾਰੀ ਤਾਇਨਾਤ

ਚੰਡੀਗੜ੍ਹ (ਲੋਕ ਬਾਣੀ) – ਹਰਿਆਣਾ ਦੇ ਨੂਹ ਜ਼ਿਲ੍ਹੇ ਵਿੱਚ ਅੱਜ ਬ੍ਰਜ ਮੰਡਲ ਜਲਭਿਸ਼ੇਕ ਯਾਤਰਾ ਕੱਢੀ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਸੁਰੱਖਿਆ ਅਤੇ ਸ਼ਾਂਤੀ ਬਣਾਈ ਰੱਖਣ ਲਈ ਸਖ਼ਤ ਪ੍ਰਬੰਧ ਕੀਤੇ ਗਏ ਹਨ। ਪਿਛਲੇ ਸਾਲ ਦੀਆਂ ਘਟਨਾਵਾਂ ਨੂੰ ਰੋਕਣ ਲਈ, ਜ਼ਿਲ੍ਹਾ ਪ੍ਰਸ਼ਾਸਨ ਨੇ ਮੋਬਾਈਲ ਇੰਟਰਨੈੱਟ, SMS (ਬੈਂਕਿੰਗ ਅਤੇ ਮੋਬਾਈਲ ਰੀਚਾਰਜ ਨੂੰ ਛੱਡ ਕੇ), ਅਤੇ ਡੋਂਗਲ ਸੇਵਾਵਾਂ ਨੂੰ 13 ਜੁਲਾਈ ਰਾਤ 9 ਵਜੇ ਤੋਂ 14 ਜੁਲਾਈ ਰਾਤ 9 ਵਜੇ ਤੱਕ 24 ਘੰਟਿਆਂ ਲਈ ਮੁਅੱਤਲ ਕਰ ਦਿੱਤਾ ਹੈ। ਵੌਇਸ ਕਾਲਾਂ ਨੂੰ ਇਸ ਪਾਬੰਦੀ ਤੋਂ ਛੋਟ ਦਿੱਤੀ ਗਈ ਹੈ। ਇਸ ਕਦਮ ਦਾ ਮਕਸਦ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਵਟਸਐਪ, ਫੇਸਬੁੱਕ, ਅਤੇ ਐਕਸ ਰਾਹੀਂ ਅਫਵਾਹਾਂ ਅਤੇ ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣਾ ਹੈ, ਜੋ ਹਿੰਸਕ ਗਤੀਵਿਧੀਆਂ ਜਾਂ ਅੱਗਜ਼ਨੀ ਦਾ ਕਾਰਨ ਬਣ ਸਕਦੀਆਂ ਹਨ।

## ਬੱਸ ਖੱਡ 'ਚ ਡਿੱਗਣ ਕਾਰਨ ਛੇ ਦੀ ਹੋਈ ਮੌਤ, 27 ਜ਼ਖ਼ਮੀ

ਇਸਲਾਮਾਬਾਦ, (ਲੋਕ ਬਾਣੀ)- ਐਤਵਾਰ ਨੂੰ ਚੱਕਰੀ ਇੰਟਰਚੇਂਜ ਨੇੜੇ ਇੱਕ ਮੁਲਤਾਨ ਜਾ ਰਹੀ ਯਾਤਰੀ ਬੱਸ ਪਲਟ ਕੇ ਖੱਡ ਵਿੱਚ ਡਿੱਗਣ ਕਾਰਨ ਚਾਰ ਔਰਤਾਂ ਸਮੇਤ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ 27 ਹੋਰ ਜ਼ਖਮੀ ਹੋ ਗਏ। ਡਾਨ ਨਿਊਜ਼ ਨੇ ਨੈਸ਼ਨਲ ਹਾਈਵੇਜ਼ ਐਂਡ ਮੋਟਰਵੇਅ ਪੁਲੀਸ (NHMP) ਅਤੇ ਰੈਸਕਿਊ 1122 ਦੇ ਹਵਾਲੇ ਨਾਲ ਦੱਸਿਆ ਕਿ ਹਾਜੀ ਅਬਦੁਲ ਸੱਤਾਰ ਕੰਪਨੀ ਦੁਆਰਾ ਚਲਾਈ ਜਾ ਰਹੀ ਇਕ ਬੱਸ ਰਾਵਲਪਿੰਡੀ ਤੋਂ ਮੁਲਤਾਨ ਜਾ ਰਹੀ ਸੀ, ਜਿਸ ਵਿੱਚ 41 ਯਾਤਰੀ ਸਵਾਰ ਸਨ। ਐਤਵਾਰ ਨੂੰ ਦੁਪਹਿਰ 12:30 ਵਜੇ ਦੇ ਕਰੀਬ ਚੱਕਰੀ ਇੰਟਰਚੇਂਜ ਪਾਰ ਕਰਨ ਤੋਂ ਥੋੜ੍ਹੀ ਦੇਰ ਬਾਅਦ ਵਾਹਨ ਸੜਕ ਤੋਂ ਉਤਰ ਗਿਆ ਅਤੇ ਇੱਕ ਖੱਡ ਵਿੱਚ ਜਾ ਡਿੱਗਿਆ। ਹਾਦਸੇ ਵਿਚ ਜ਼ਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

## ਪਾਕਿ ਅਦਾਕਾਰਾ ਹੁਮੈਰਾ ਅਸਗਰ ਅਲੀ ਦਾ ਆਖ਼ਰੀ ਸੁਨੇਹਾ 'ਦੁਆਓਂ ਮੇਂ ਯਾਦ ਰਖਨਾ' ਹੋਇਆ ਵਾਇਰਲ

ਚੰਡੀਗੜ੍ਹ, (ਲੋਕ ਬਾਣੀ) ਪਾਕਿਸਤਾਨੀ ਅਦਾਕਾਰਾ ਅਤੇ ਮਾਡਲ ਹੁਮੈਰਾ ਅਸਗਰ ਅਲੀ ਪਿਛਲੇ ਦਿਨੀਂ ਆਪਣੇ ਕਰਾਚੀ ਸਥਿਤ ਅਪਾਰਟਮੈਂਟ ਵਿੱਚ ਇੱਕ ਹੈਰਾਨਕੁਨ ਮਾਮਲੇ ਵਿੱਚ ਮੁਰਦਾ ਪਾਈ ਗਈ ਸੀ। ਇਸ ਘਟਨਾ ਨੇ ਮਨੋਰੰਜਨ ਸਨਅਤ ਅਤੇ ਆਮ ਜਨਤਾ ਨੂੰ ਹੈਰਾਨ-ਪ੍ਰੇਸ਼ਾਨ ਕਰ ਕੇ ਰੱਖ ਦਿੱਤਾ ਹੈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਲੱਭੀ ਉਸ ਦੀ ਲਾਸ਼ ਬਹੁਤ ਜ਼ਿਆਦਾ ਗਲ ?-ਸੜ ਚੁੱਕੀ ਸੀ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸਦੀ ਮੌਤ ਲਗਭਗ ਨੌਂ ਮਹੀਨੇ ਪਹਿਲਾਂ ਅਕਤੂਬਰ 2024 ਵਿੱਚ ਹੋਈ ਸੀ। ਲਾਸ਼ ਦਾ ਪਤਾ ਉਦੋਂ ਲੱਗਾ ਜਦੋਂ ਅਪਾਰਟਮੈਂਟ ਦਾ ਕਿਰਾਇਆ ਅਦਾ ਨਾ ਕੀਤੇ ਜਾਣ ਕਾਰਨ ਇਕ ਮੁਲਾਜ਼ਮ ਬੇਦਖਲੀ ਨੋਟਿਸ ਦੀ ਤਾਮੀਲ ਲਈ ਉਥੇ ਪਹੁੰਚਿਆ। ਅੰਦਰ ਜਾਣ 'ਤੇ ਪੁਲੀਸ ਨੂੰ ਉਸ ਦੀ ਗਲ ?ੀ-ਸੜੀ ਲਾਸ਼ ਮਿਲੀ। ਕਰਾਚੀ ਪੁਲੀਸ ਸਰਜਨ ਡਾ. ਸੁਮੱਈਆ ਸਈਦ, ਜਿਨ੍ਹਾਂ ਨੇ ਪੋਸਟਮਾਰਟਮ ਕੀਤਾ, ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਲਾਸ਼ ਲਗਭਗ ਪਿੰਜਰ ਬਣ ਚੁੱਕੀ ਸੀ। ਉਂਝ ਮੌਤ ਦਾ ਸਹੀ ਕਾਰਨ ਦਾ ਹਾਲੇ ਵੀ ਪਤਾ ਨਹੀਂ ਲੱਗ ਸਕਿਆ, ਜਿਸ ਲਈ ਫੋਰੈਂਸਿਕ ਨਤੀਜਿਆਂ ਦੀ ਉਡੀਕ ਹੈ। ਡਿਪਟੀ ਇੰਸਪੈਕਟਰ ਜਨਰਲ ਸਈਦ ਅਸਦ ਰਜ਼ਾ ਅਨੁਸਾਰ, ਉਸਦੇ ਮੋਬਾਈਲ ਫੋਨ ਦੇ ਕਾਲ ਡਿਟੇਲ ਰਿਕਾਰਡ (ਸੀਡੀਆਰ) ਦਰਸਾਉਂਦੇ ਹਨ ਕਿ ਉਸਦੀ ਆਖਰੀ ਆਊਟਗੋਇੰਗ ਕਾਲ ਅਕਤੂਬਰ 2024 ਨੂੰ ਕੀਤੀ ਗਈ ਸੀ। ਗੁਆਂਢੀਆਂ ਨੇ ਵੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਉਸਨੂੰ ਪਿਛਲੇ ਸਾਲ ਸਤੰਬਰ ਜਾਂ ਅਕਤੂਬਰ ਤੋਂ ਨਹੀਂ ਦੇਖਿਆ ਸੀ। ਉਸ ਦੇ ਅਪਾਰਟਮੈਂਟ ਦੀ ਮੰਜ਼ਲ ਉਤਲਾ ਦੂਜਾ ਅਪਾਰਟਮੈਂਟ ਉਸ ਸਮੇਂ ਖਾਲੀ ਸੀ, ਜਿਸ ਕਾਰਨ ਸ਼ਾਇਦ ਉਸ ਦੀ ਮੌਤ ਦਾ ਕਿਸੇ ਨੂੰ ਪਤਾ ਨਹੀਂ ਲੱਗਾ।



## ਇੰਗਲੈਂਡ ਨੇ ਭਾਰਤ ਦੀ ਟੀਮ ਨੂੰ 22 ਦੌੜਾਂ ਨਾਲ ਹਰਾਇਆ

### ਦੂਜੀ ਪਾਰੀ 'ਚ 74.5 ਓਵਰਾਂ ਵਿਚ 170 ਦੌੜਾਂ ਹੀ ਬਣਾ ਸਕੀ ਟੀਮ ਇੰਡੀਆ

ਲੰਡਨ, (ਲੋਕ ਬਾਣੀ)-ਮੇਜ਼ਬਾਨ ਇੰਗਲੈਂਡ ਨੇ ਭਾਰਤ ਨੂੰ ਅੱਜ ਇਥੇ ਤੀਜੇ ਟੈਸਟ ਕ੍ਰਿਕਟ ਮੈਚ ਦੇ ਪੰਜਵੇਂ ਦਿਨ 22 ਦੌੜਾਂ ਨਾਲ ਹਰਾ ਦਿੱਤਾ। ਭਾਰਤ ਦੀ ਟੀਮ ਦੂਜੀ ਪਾਰੀ ਵਿਚ ਜਿੱਤ ਲਈ ਮਿਲੇ 193 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ 74.5 ਓਵਰਾਂ ਵਿਚ 170 ਦੌੜਾਂ 'ਤੇ ਆਊਟ ਹੋ ਗਈ। ਖੱਬੇ ਹੱਥ ਦਾ ਬੱਲੇਬਾਜ਼ ਰਵਿੰਦਰ ਜਡੇਜਾ 61 ਦੌੜਾਂ ਨਾਲ ਨਾਬਾਦ ਤੇ ਟੀਮ ਲਈ ਟੌਪ ਸਕੋਰਰ ਰਿਹਾ। ਭਾਰਤ ਨੇ ਇਕ ਸਮੇਂ 112 ਦੌੜਾਂ 'ਤੇ ਅੱਠ ਵਿਕਟਾਂ ਗੁਆ ਲਈਆਂ ਸਨ, ਪਰ ਫਿਰ ਜਸਪ੍ਰੀਤ ਬੁਮਰਾਹ (54 ਗੇਂਦਾਂ 'ਤੇ ਪੰਜ ਦੌੜਾਂ) ਤੇ ਮੁਹੰਮਦ ਸਿਰਾਜ (30 ਗੇਂਦਾਂ 'ਤੇ 4 ਦੌੜਾਂ) ਨੇ ਕਰੀਜ਼ 'ਤੇ ਟਿਕ ਕੇ ਦੂਜੇ ਸਿਰੇ 'ਤੇ ਜਡੇਜਾ ਦਾ ਬਾਖੂਬੀ ਸਾਥ ਦਿੱਤਾ ਤੇ ਭਾਰਤੀ ਟੀਮ ਇੰਗਲੈਂਡ ਵੱਲੋਂ ਦਿੱਤੇ ਟੀਚੇ ਦੇ ਨੇੜੇ ਪੁੱਜਣ ਵਿਚ ਸਫ਼ਲ ਰਹੀ। ਇਸ ਜਿੱਤ ਨਾਲ ਇੰਗਲੈਂਡ ਦੀ ਟੀਮ ਪੰਜ ਮੈਚਾਂ ਦੀ ਲੜੀ ਵਿਚ 2-1 ਨਾਲ ਅੱਗੇ ਹੋ ਗਈ ਹੈ। ਲੜੀ ਦਾ ਚੌਥਾ ਟੈਸਟ ਮੈਚ 23 ਜੁਲਾਈ ਤੋਂ ਖੇਡਿਆ ਜਾਵੇਗਾ। ਸੰਖੇਪ ਸਕੋਰ: ਇੰਗਲੈਂਡ ਪਹਿਲੀ ਪਾਰੀ 387,ਦੂਜੀ ਪਾਰੀ 192; ਭਾਰਤ ਪਹਿਲੀ ਪਾਰੀ 387, ਦੂਜੀ ਪਾਰੀ 170।



1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ



ਲੋਕ ਬਾਣੀ
ਰੋਜ਼ਾਨਾ ਲੋਕ ਬਾਣੀ
www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009

## ਲੋਕ ਬਾਣੀ ਸਾਵਨ ਮਹੀਨਾ ਆਇਆ ਬੂਟੇ ਲਾਈਏ ਜੀ



ਸਾਵਨ ਮਹੀਨਾ ਆਇਆ ਬੂਟੇ ਲਾਈਏ ਜੀ।
ਵਾਤਾਵਰਨ ਬਚਾਉਣਾ ਫਰਜ ਨਿਭਾਈਏ ਜੀ।।
ਹਰ ਗਲੀ ਮਹੱਲੇ ਵਿੱਚ ਇਹ ਕਾਰਜ ਕਰਨਾ ਹੈ।
ਨਹੀਂ ਬੂਟੇ ਲਾਇਆਂ ਬਿਨਾਂ ਬਿਲਕੁਲ ਸਰਨਾ ਹੈ।।
ਹਰ ਮਨੁੱਖ ਲਾਵੇ ਇੱਕ ਰੁਖ ਕਰਨੀ ਗੌਰ ਹੈ ਜੀ ।
ਕਿਣਮਿਣ ਹੁੰਦੀ ਰੌਣਕ ਲਾਉਂਦੇ ਮੋਰ ਹੈ ਜੀ।।
ਦੋਸਤੋ ਗਰਮੀ ਦੇ ਵਿੱਚ ਹੁੰਦੀ ਛਾਂ ਦੀ ਲੋੜ ਬੜੀ।
ਆਪਾਂ ਪੱਟ ਦਿੱਤੇ ਦਰਖਤ ਇਹਨਾਂ ਦੀ ਥੋੜ ਬੜੀ।।
ਲਾਕੇ ਦਰਖਤ ਕਰਨੀ ਸੰਭਾਲ ਅਤਿ ਜਰੂਰੀ ਹੈ।
ਇਹ ਨੇ ਆਪਣੇ ਮਿੱਤਰ ਨਹੀਂ ਬਣਾਉਣੀ ਦੂਰੀ ਹੈ।।
ਆਓ ਫਲਦਰ ਬੂਟੇ ਲਾ ਕੇ ਫਲ ਵੀ ਖਾਈਏ ਜੀ।
ਆਪ ਖਾਈਏ ਤੇ ਦੂਜਿਆਂ ਤਾਈ ਖਵਾਈਏ ਜੀ। ।
ਅਨਕੂਲ ਹੈ ਇਹ ਰੁੱਤ ਦਰਖਤ ਵੀ ਚੱਲਣਗੇ।
ਵਧਣ ਫੁੱਲਣਗੇ ਬਹੁਤ ਦਿਨਾਂ ਵਿੱਚ ਮੱਲਣਗੇ।।
ਜੁਲਾਈ ਅਗਸਤ ਮਹੀਨੇ ਹੁੰਦੇ ਅਨੁਕੂਲ ਬੜੇ।
ਇਨਾ ਮਹੀਨਿਆਂ ਵਿੱਚ ਹੀ ਖਿੜਦੇ ਫੂਲ ਬੜੇ।।
ਇਹ ਸਾਨੂੰ ਆਕਸੀਜਨ ਦੇ ਕੇ ਰੱਖਦੇ ਜੀਵਤ ਹੈ।
ਨਾ ਆਉਣ ਇਹ ਦਿੰਦੇ ਪ੍ਰਾਣੀ ਉੱਤੇ ਮੁਸੀਬਤ ਹੈ।।
ਪੰਛੀ ਦਰਖਤਾਂ ਉੱਤੇ ਆਲਣੇ ਆਪਣੇ ਪੌਣ ਸਦਾ।
ਉਹ ਦੱਦਾਹੂਰੀਆ ਗੀਤ ਖੁਸ਼ੀ ਦੇ ਗਾਉਣ ਸਦਾ।।

ਜਸਵੀਰ ਸ਼ਰਮਾ ਦੱਦਾਹੂਰ, ਸ਼੍ਰੀ ਮੁਕਤਸਰ ਸਾਹਿਬ, 95691-49556

# ਮਿੰਨੀ ਕਹਾਣੀ- ਸੱਚਾ ਰਿਸ਼ਤਾ

ਬਾਬੂ ਜੀ, ਕੀ ਤੁਸੀਂ ਅਜੇ ਉੱਠੇ ਨਹੀਂ ? ਮੰਜੂ ਨੇ ਕਿਹਾ।

ਸਮੇਂ ਸਿਰ ਦਵਾਈ ਨਾ ਲੈਣ ਨਾਲ ਉਨ੍ਹਾਂ ਦੀ ਸਿਹਤ ਵਿਗੜ ਜਾਂਦੀ ਹੈ।

ਰਮੇਸ਼, ਕੀ ਤੁਸੀਂ ਉਹਨਾਂ ਦੇ ਕਮਰੇ ਵਿੱਚ ਜਾ ਕੇ ਦੇਖੋਗੇ ?

ਮੈਂ ਰੋਟੀ ਬਣਾ ਰਹੀ ਹਾਂ, ਸਬਜ਼ੀਆਂ ਗੈਸ 'ਤੇ ਹਨ।

ਉਹ ਉੱਠਦੇ ਹੀ ਚਾਹ ਮੰਗਦੇ ਹਨ, ਉਹ ਵੀ ਸਵੇਰੇ 7 ਵਜੇ।

ਹੁਣ ਅੱਠ ਵੱਜ ਗਏ ਹਨ, ਅੱਜ ਚਾਹ ਲਈ ਰਸੋਈ ਵਿੱਚ ਵੀ ਨਹੀਂ ਆਏ।÷

ਰਮੇਸ਼ ਵੀ ਮੰਜੂ ਦੀਆਂ ਗੱਲਾਂ ਸੁਣ ਕੇ ਹੈਰਾਨ ਰਹਿ ਗਿਆ। ਬਾਬੂਜੀ ਅਜੇ ਤੱਕ ਕਿਉਂ ਨਹੀਂ ਉੱਠੇ ? ਉਹ ਤੁਰੰਤ ਉਹਨਾਂ ਦੇ ਕਮਰੇ ਵੱਲ ਗਿਆ। ਬਾਬੂਜੀ ਹੁਣ ਵੀ ਬਿਸਤਰੇ ਤੇ ਡੂੰਘੀ ਨੀਂਦ ਵਿੱਚ ਸਨ।

ਰਮੇਸ਼ ਨੇ ਉਹਨਾਂ ਨੂੰ ਬੁਲਾਇਆ: ÷ਬਾਬੂਜੀ, ਉੱਠੋ, ਅੱਠ ਵੱਜ ਗਏ ਹਨ। ਕੀ ਤੁਸੀਂ ਅੱਜ ਚਾਹ ਨਹੀਂ ਪੀਣੀ ?÷

ਰਮੇਸ਼ ਨੇ ਜਗਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਬਾਬੂ ਜੀ ਨੇ ਕੋਈ ਜਵਾਬ ਨਹੀਂ ਦਿੱਤਾ । ਉਹ ਹੈਰਾਨ ਰਹਿ ਗਿਆ ਅਤੇ ਉਹਨਾਂ ਦੇ ਠੰਡੇ ਸਰੀਰ ਨੂੰ ਛੋਹ ਕੇ ਚੀਕਿਆ: ÷

ਮੰਜੂ... ਮੰਜੂ... ਇੱਥੇ ਆਓ।

ਦੇਖੋ, ਬਾਬੂਜੀ ਜਾਗ ਨਹੀਂ ਰਹੇ।÷

ਮੰਜੂ ਜਲਦੀ ਨਾਲ ਰੋਟੀਆਂ ਰੋਕ ਕੇ ਬਾਬੂਜੀ ਦੇ ਕਮਰੇ ਵਿੱਚ ਪਹੁੰਚ ਗਈ।

ਰਮੇਸ਼ ਕੁਝ ਵੀ ਸਮਝ ਨਹੀਂ ਸਕਿਆ। ਕਿਹਾ: ਮੰਜੂ, ਦੇਖੋ, ਬਾਬੂਜੀ ਨਹੀਂ ਜਾਗਦੇ।

ਮੰਜੂ ਨੇ ਵੀ ਕੋਸ਼ਿਸ਼ ਕੀਤੀ ਪਰ ਬਾਬੂਜੀ ਨਹੀਂ ਉੱਠੇ।

ਉਸਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ, ਫਿਰ ਆਪਣੇ ਆਪ ਤੇ ਵਿਸ਼ਵਾਸ ਕਰਦਿਆਂ, ਆਪਣੇ ਆਪ ਨੂੰ ਦਿਲਾਸਾ ਦਿੰਦੇ ਹੋਏ ਉਸਨੇ ਕਿਹਾ: ਰਾਤ ਦੀਆਂ ਦਵਾਈਆਂ ਦੇ ਕਾਰਨ ਡੂੰਘੀ ਨੀਂਦ ਵਿੱਚ ਹਨ।

ਰੁਕੋ ਮੈਂ ਡਾਕਟਰ ਨੂੰ ਫ਼ੋਨ ਕਰਦੀ ਹਾਂ।

ਮੰਜੂ ਨੇ ਬਾਬੂਜੀ ਦੇ ਡਾਕਟਰ ਨੂੰ ਫ਼ੋਨ ਕੀਤਾ: ਹੈਲੋ ਡਾਕਟਰ ਸਾਹਿਬ, ਮੈਂ ਗੀਤਾ ਬੋਲ ਰਹੀ ਹਾਂ।

ਡਾਕਟਰ: ਹਾਂ, ਗੀਤਾ, ਬੋਲੋ। ਬਾਬੂਜੀ ਠੀਕ ਨੇ ?

ਕੱਲ੍ਹ ਇੱਕ ਦਿਨ ਪਹਿਲਾਂ ਉਨ੍ਹਾਂ ਦੀ ਜਾਂਚ ਕੀਤੀ ਸੀ, ਬਲੱਡ ਪ੍ਰੈਸ਼ਰ ਵਧ ਗਿਆ ਸੀ ਇਸ ਲਈ ਮੈਂ ਦਵਾਈ ਵੀ ਬਦਲ ਦਿੱਤੀ ਸੀ।

ਮੰਜੂ: ਡਾਕਟਰ ਸਾਹਿਬ, ਬਾਬੂਜੀ ਉੱਠ ਨਹੀਂ ਰਹੇ। ਕੀ ਤੁਸੀਂ ਜਲਦੀ ਘਰ ਆਓਗੇ ?

ਡਾਕਟਰ: ਹਾਂ... ਹਾਂ... ਮੈਂ ਤੁਰੰਤ ਆਉਂਦਾ ਹਾਂ।

10 ਮਿੰਟਾਂ ਵਿੱਚ ਡਾਕਟਰ ਘਰ ਆਇਆ। ਬਾਬੂਜੀ ਦੀ ਜਾਂਚ ਕੀਤੀ।

ਰਮੇਸ਼ ਦੀ ਪਿੱਠ 'ਤੇ ਹੱਥ ਰੱਖ ਦਿਲਾਸਾ ਦਿੰਦੇ ਹੋਏ ਕਿਹਾ: ਉਹ ਹੁਣ ਇਸ ਦੁਨੀਆ ਵਿੱਚ ਨਹੀਂ ਰਹੇ।

ਮੈਂ ਮੌਤ ਦਾ ਸਰਟੀਫਿਕੇਟ ਬਣਾ ਦਿੰਦਾ ਹਾਂ।

ਡਾਕਟਰ ਦੀ ਗੱਲ ਸੁਣ ਮੰਜੂ ਉੱਚੀ - ਉੱਚੀ ਰੋਣ ਲੱਗੀ।

ਡਾਕਟਰ ਨੇ ਉਸਨੂੰ ਕਿਹਾ: ਗੀਤਾ, ਜਨਮ ਅਤੇ ਮੌਤ ਸਾਡੇ ਹੱਥ ਵਿੱਚ ਨਹੀ, ਹੋਣੀ ਨੂੰ ਕੌਣ ਟਾਲ ਸਕਦਾ ਹੈ।

ਫਿਰ ਰਮੇਸ਼ ਵੱਲ ਵੇਖਦੇ ਹੋਏ ਉਨ੍ਹਾਂ ਕਿਹਾ: ਅਲਜ਼ਾਈਮਰ ਦੀ ਬਿਮਾਰੀ ਬਹੁਤ ਦਰਦਨਾਕ ਹੈ, ਮਰੀਜ਼ ਲਈ ਅਤੇ ਉਸਦੇ ਪਰਿਵਾਰਕ ਮੈਂਬਰਾਂ ਲਈ।

ਮੈਂ ਮੌਤ ਦੇ ਸਰਟੀਫਿਕੇਟ 'ਤੇ ਉਸਦਾ ਨਾਮ ਕੀ ਲਿਖਾਂ ?

ਜਦੋਂ ਮੈਂ ਉਨ੍ਹਾਂ ਦੀ ਜਾਂਚ ਕਰਨ ਆਇਆ, ਤਾਂ ਮੈਂ ਉਨ੍ਹਾਂ ਨੂੰ ਬਾਬੂਜੀ ਕਹਿੰਦਾ ਸੀ। ਮੈਂ ਉਨ੍ਹਾਂ ਨੂੰ ਸਿਰਫ਼ ਗੀਤਾ ਦੇ ਬਾਬੂਜੀ ਵਜੋਂ ਜਾਣਦਾ ਹਾਂ।

---ਡਾਕਟਰ ਨੇ ਅੱਗੇ ਕਿਹਾ।

ਕੁਝ ਦੇਰ ਲਈ ਰਮੇਸ਼ ਅਤੇ ਮੰਜੂ ਇੱਕ ਦੂਜੇ ਦੇ ਚਿਹਰੇ ਵੱਲ ਦੇਖਣ ਲੱਗ ਪਏ, ਫਿਰ ਗੀਤਾ ਨੇ ਚੁੱਪੀ ਤੋੜੀ ਅਤੇ ਡਾਕਟਰ ਨੂੰ ਕਿਹਾ: ਡਾਕਟਰ ਸਾਹਿਬ, ਮੇਰਾ ਨਾਮ ਗੀਤਾ ਨਹੀਂ ਹੈ, ਮੇਰਾ ਨਾਂ ਮੰਜੂ ਹੈ।

ਪਿਛਲੇ ਦਸ ਸਾਲਾਂ ਤੋਂ ਮੈਂ ਬਾਬੂਜੀ ਲਈ ਗੀਤਾ ਸੀ।

ਡਾਕਟਰ: ਕੀ ਮਤਲਬ ਹੈ ?

ਮੰਜੂ: ਇਹ ਕੋਈ 10 ਸਾਲ ਪੁਰਾਣੀ ਗੱਲ ਹੈ ਡਾਕਟਰ ਸਾਹਿਬ, ਮੈਂ ਸਬਜ਼ੀ ਮੰਡੀ ਵਿੱਚ ਸਬਜ਼ੀਆਂ ਖਰੀਦਣ ਗਈ ਸੀ।

ਖਰੀਦਦਾਰੀ ਕਰਨ ਤੋਂ ਬਾਅਦ ਜਦੋਂ ਬਾਜ਼ਾਰ ਤੋਂ ਬਾਹਰ ਨਿਕਲੀ ਅਤੇ ਆਲੇ-ਦੁਆਲੇ ਇੱਕ ਖਾਲੀ ਰਿਕਸ਼ਾ ਲੱਭ ਰਹੀ ਸੀ। ਤਾਂ, ਇੱਕ ਬੁੱਢਾ ਆਦਮੀ ਗੀਤਾ, ਗੀਤਾ ਨੂੰ ਬੁਲਾਉਂਦੇ ਹੋਏ ਮੇਰੇ ਕੋਲ ਆਇਆ ਅਤੇ ਮੈਨੂੰ ਕਿਹਾ, ਗੀਤਾ, ਮੈਨੂੰ ਆਪਣਾ ਘਰ ਨਹੀਂ ਮਿਲ ਰਿਹਾ।

ਮੈਂ ਬਹੁਤ ਸਮੇਂ ਤੋਂ ਇੱਥੇ ਖੜ੍ਹਾ ਹਾਂ ਪਰ ਮੈਨੂੰ ਸਮਝ ਨਹੀਂ ਆ ਰਹੀ ਕਿ ਕਿੱਥੇ ਜਾਣਾ ਹੈ। ਇਹ ਚੰਗਾ ਹੋਇਆ ਕਿ ਤੁਸੀਂ ਆਏ ਹੋ। ਚਲੋ ਹੁਣ ਘਰ ਚੱਲੀਏ।

ਬਜ਼ੁਰਗ ਦਿੱਖ ਅਤੇ ਪਹਿਰਾਵੇ ਤੋਂ ਉਹ ਇੱਕ ਚੰਗੇ ਘਰ ਦੇ ਲੱਗ ਰਹੇ ਸੀ। ਉਨ੍ਹਾਂ ਨੇ ਮੇਰਾ ਹੱਥ ਫੜ ਕੇ ਬੋਲਣਾ ਸ਼ੁਰੂ ਕਰ ਦਿੱਤਾ, ਗੀਤਾ ਜਲਦੀ ਚੱਲੋ। ਮੈਨੂੰ ਬਹੁਤ ਸਮੇਂ ਤੋਂ ਭੁੱਖ ਲੱਗੀ ਹੋਈ ਹੈ।

ਮੈਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਕਰਾਂ ?

ਮੈਂ ਪਿਆਰ ਭਰੀ, ਮਿੱਠੀ ਆਵਾਜ਼ ਸੁਣੀ, ਸੋਚਿਆ ਕਿ ਮੈਂ ਉਨ੍ਹਾਂ ਨੂੰ ਘਰ ਲੈ ਜਾਵਾਂ। ਕੁਝ ਖੁਆਵਾਂ, ਚੁੱਪਚਾਪ ਉਨ੍ਹਾਂ ਦਾ ਪਤਾ ਪੁੱਛਾਂ ਅਤੇ ਫਿਰ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਛੱਡ ਦਿਆਂ। ਇਸ ਲਈ ਰਿਕਸ਼ਾ 'ਤੇ ਅਸੀਂ ਦੋਵੇਂ ਘਰ ਆ ਗਏ।

ਜਿਵੇਂ ਹੀ ਮੈਂ ਘਰ ਪਹੁੰਚੀ, ਬਜ਼ੁਰਗ ਨੇ ਬੋਲਣਾ ਸ਼ੁਰੂ ਕਰ ਦਿੱਤਾ, ਗੀਤਾ ਮੈਨੂੰ ਜਲਦੀ ਖਾਣਾ ਦਿਉ, ਮੈਨੂੰ ਬਹੁਤ ਭੁੱਖ ਲੱਗੀ ਹੈ।

ਮੈਂ ਜਲਦੀ ਨਾਲ ਉਨ੍ਹਾਂ ਨੂੰ ਖਾਣਾ ਪਰੋਸਿਆ, ਸ਼ਾਇਦ ਉਹ ਕਈ ਦਿਨਾਂ ਤੋਂ ਭੁੱਖੇ ਸਨ ਇਸ ਲਈ ਉਨ੍ਹਾਂ ਨੇ ਤੇਜ਼ੀ ਨਾਲ ਖਾਣਾ ਸ਼ੁਰੂ ਕਰ ਦਿੱਤਾ।

ਪੂਰਾ ਖਾਣਾ ਖਾਣ ਤੋਂ ਬਾਅਦ ਮੈਂ ਬਾਬੂਜੀ ਨੂੰ ਪੁੱਛਿਆ, ਬਾਬੂਜੀ ਤੁਸੀਂ ਕਿੱਥੇ ਰਹਿੰਦੇ ਹੋ ? ਕੀ ਤੁਹਾਨੂੰ ਯਾਦ ਹੈ ? ਮੈ ਤੁਹਾਨੂੰ, ਤੁਹਾਡੇ ਘਰ ਛੱਡ ਆਂਵਾ।

ਬਜੁਰਗ ਨੇ ਕਿਹਾ: ਗੀਤਾ, ਇਹ ਸਾਡਾ ਘਰ ਹੈ।

ਮੈਨੂੰ ਕੁਝ ਸਮਝ ਨਹੀਂ ਆਇਆ। ਫਿਰ ਉਹ ਬਾਹਰ ਸੋਫੇ 'ਤੇ ਸੌਂ ਗਏ।

ਜਦੋਂ ਰਮੇਸ਼ ਸ਼ਾਮ ਨੂੰ ਘਰ ਆਏ ਮੈਂ ਉਹਨਾਂ ਨੂੰ ਸਾਰੀ ਕਹਾਣੀ ਦੱਸੀ।

ਫਿਰ ਰਮੇਸ਼ ਦੇ ਕਹਿਣ 'ਤੇ ਅਸੀਂ ਅਖਬਾਰਾਂ ਰਾਹੀਂ ਅਤੇ ਟੀਵੀ ਉੱਤੇ ਗੁਆਚੇ ਦੀ ਭਾਲ ਪ੍ਰੋਗਰਾਮ ਰਾਹੀਂ ਬਜ਼ੁਰਗ ਦੇ ਪਤੇ ਅਤੇ ਰਿਸ਼ਤੇਦਾਰਾਂ ਨੂੰ ਲੱਭਣਾ ਸ਼ੁਰੂ ਕਰ ਦਿੱਤਾ।

ਰਮੇਸ਼ ਨੇ ਥਾਣੇ ਵਿੱਚ ਬਜ਼ੁਰਗ ਵਿਅਕਤੀ ਬਾਰੇ ਵੀ ਜਾਣਕਾਰੀ ਦਿੱਤੀ। ਪੁਲਿਸ ਨੇ ਕਿਹਾ, ਜੇਕਰ ਕੁਝ ਮਿਲਦਾ ਹੈ ਤਾਂ ਉਹ ਰਿਪੋਰਟ ਕਰਨਗੇ। ਬਜ਼ੁਰਗ ਨੂੰ ਉਦੋਂ ਤੱਕ ਆਪਣੇ ਘਰ ਰੱਖੋ ਜਾਂ ਜੇਕਰ ਤੁਹਾਨੂੰ ਕੋਈ ਸਮੱਸਿਆ ਹੈ, ਤਾਂ ਉਨ੍ਹਾਂ ਨੂੰ ਸਰਕਾਰੀ ਬਿਰਧ ਆਸ਼ਰਮ ਜਾਂ ਹਸਪਤਾਲ ਵਿੱਚ ਦਾਖਲ ਕਰਵਾ ਦੇਵੋ।

ਗੀਤਾ... ਗੀਤਾ... ਉਹ ਮੈਨੂੰ ਵਾਰ-ਵਾਰ ਬੁਲਾਉਂਦੇ।

ਗੀਤਾ ਅੱਜ ਗੋਭੀ ਦੀ ਸਬਜ਼ੀ ਬਣਾਈ, ਅੱਜ ਕੜ੍ਹੀ ਬਣਾਈ, ਅੱਜ ਮੇਰਾ ਹਲਵਾ ਖਾਣ ਦਾ ਮਨ ਹੈ,

ਅਜਿਹੀਆਂ ਫਰਮਾਹਿਸ਼ਾਂ ਅਤੇ ਉਨ੍ਹਾਂ ਦੀਆਂ ਗੱਲਾਂ, ਉਨ੍ਹਾਂ ਦੇ ਪਿਆਰ ਨੂੰ ਦੇਖ ਕੇ ਮੇਰਾ ਦਿਲ ਭਰ ਗਿਆ।

ਹਫ਼ਤਾ ਬੀਤ ਗਿਆ ਪਰ ਉਨ੍ਹਾਂ ਬਾਰੇ ਕੁਝ ਪਤਾ ਨਹੀਂ ਚੱਲਿਆ।

ਸਾਨੂੰ ਉਹਨਾਂ ਦੇ ਘਰ ਦੇ ਪਤੇ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਪਰ ਸਾਨੂੰ ਘਰ ਵਿੱਚ ਰਹਿਣ ਵਾਲੇ ਇੱਕ ਬਜ਼ੁਰਗ ਦੀ ਹੋਂਦ ਪਸੰਦ ਸੀ। ਸਾਨੂੰ ਉਨ੍ਹਾਂ ਲਈ ਕੁਝ ਕਰਨਾ ਪਸੰਦ ਸੀ।

ਮੈਂ ਅਤੇ ਰਮੇਸ਼ ਨੇ ਫੈਸਲਾ ਕੀਤਾ ਕਿ ਅਸੀਂ ਉਨ੍ਹਾਂ ਨੂੰ ਕਿਤੇ ਨਹੀਂ ਭੇਜਾਂਗੇ, ਅਸੀਂ ਉਨ੍ਹਾਂ ਨੂੰ ਆਪਣੇ ਘਰ ਰੱਖਾਂਗੇ। ਫਿਰ ਅਸੀਂ ਆਪਣਾ ਫੈਸਲਾ ਥਾਣੇ ਵਿੱਚ ਵੀ ਦੱਸਿਆ। ਇਸੇ ਲਈ ਬਜ਼ੁਰਗ ਸਾਡੇ ਬਾਬੂਜੀ ਬਣ ਗਏ।

ਮੇਰੇ ਦੂਜੇ ਨਾਮਕਰਨ ਨੂੰ ਦਸ ਸਾਲ ਹੋ ਗਏ ਹਨ ।ਅੱਜ ਗੀਤਾ ਦਾ ਵਜੂਦ ਵੀ ਬਾਬੂਜੀ ਦੇ ਨਾਲ ਹੀ ਖਤਮ ਹੋ ਗਿਆ।

ਹੰਝੂ, ਮੰਜੂ ਦੀਆਂ ਅੱਖਾਂ ਵਿੱਚੋਂ ਫਿਰ ਤੋਂ ਪਾਣੀ ਵਾਂਗ ਵਗ ਰਹੇ ਸੀ।

ਡਾਕਟਰ ਮੰਜੂ ਤੋਂ ਪੂਰੀ ਕਹਾਣੀ ਸੁਣ ਕੇ ਚੁੱਪ ਹੋ ਗਿਆ। ਕੁਝ ਦੇਰ ਬਾਅਦ ਉਸਨੇ ਕਿਹਾ: ਮੈਨੂੰ ਇੰਨੇ ਸਾਲਾਂ ਵਿੱਚ ਇਹ ਅਹਿਸਾਸ ਨਹੀਂ ਹੋਇਆ ਕਿ,ਇਹ ਤੁਹਾਡਾ ਪਿਤਾ ਨਹੀਂ ਸਗੋਂ ਕੋਈ ਅਜਨਬੀ ਸੀ। ਸੱਚ ਕਹਾਂ ਤਾਂ ਅਲਜ਼ਾਈਮਰ ਇੱਕ ਗੰਭੀਰ ਬਿਮਾਰੀ ਹੈ। ਇਹ ਸਮੱਸਿਆ ਅੱਜਕੱਲ੍ਹ ਬਜ਼ੁਰਗਾਂ ਵਿੱਚ ਵੱਧ ਰਹੀ ਹੈ।

ਅੱਜ ਦੇ ਯੁੱਗ ਵਿੱਚ, ਉਨ੍ਹਾਂ ਦੇ ਬੱਚੇ ਆਪਣੇ ਮਾਪਿਆਂ ਨੂੰ ਆਪਣੇ ਨਾਲ ਰੱਖਣਾ ਪਸੰਦ ਨਹੀਂ ਕਰਦੇ।

ਸਮਾਜ ਵਿੱਚ ਪੈਸੇ-ਜਾਇਦਾਦ ਇਕੱਠੀ ਕਰਕੇ ਬਜ਼ੁਰਗ ਮਾਪਿਆਂ ਦੀ ਜ਼ਿੰਮੇਵਾਰੀ ਤੋਂ ਖਹਿੜਾ ਛੁਡਾਉਣ ਦੀ ਪਰੰਪਰਾ ਵਧ ਗਈ ਹੈ। ਬਿਰਧ ਆਸ਼ਰਮਾਂ ਵਿੱਚ ਦਿਨ-ਬ-ਦਿਨ ਭੀੜ ਵਧਦੀ ਜਾ ਰਹੀ ਹੈ।

ਪਰ ਇਸ ਸਮਾਜ ਵਿੱਚ ਤੁਹਾਡੇ ਵਰਗੇ ਲੋਕ ਵੀ ਹਨ, ਇਹ ਮੇਰੇ ਲਈ ਬਹੁਤ ਹੈਰਾਨੀ ਵਾਲੀ ਗੱਲ ਹੈ।

ਡਾਕਟਰ ਫਿਰ ਚੁੱਪ ਹੋ ਗਿਆ। ਉਨ੍ਹਾਂ ਨੇ ਰਮੇਸ਼ ਅਤੇ ਮੰਜੂ ਨੂੰ ਪਿਆਰ ਅਤੇ ਦਿਲਾਸਾ ਦਿੱਤਾ।

ਡਾਕਟਰ ਸਾਹਿਬ ਬਾਬੂਜੀ ਦਾ ਮੌਤ ਦਾ ਸਰਟੀਫਿਕੇਟ ਉਨ੍ਹਾਂ ਨੂੰ ਸੌਂਪ ਕੇ ਭਿੱਜੀਆਂ ਅੱਖਾਂ ਨਾਲ ਘਰ ਦੇ ਮੁੱਖ ਦਰਵਾਜ਼ੇ ਵੱਲ ਚਲੇ ਗਏ।



ਜਸਵਿੰਦਰ ਪਾਲ ਸ਼ਰਮਾ
ਸਸ ਮਾਸਟਰ
ਸਸਸਸ ਹਾਕੂਵਾਲਾ
ਸ੍ਰੀ ਮੁਕਤਸਰ ਸਾਹਿਬ
79860-27454



ਚੰਡੀਗੜ੍ਹ : ਪੁਲਿਸ ਮਹਿਕਮੇ ਦੇ ਬਹੁਤ ਹੀ ਇਮਾਨਦਾਰ ਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਪੁਲਿਸ ਅਧਿਕਾਰੀ (ਆਈ ਪੀ ਐਸ ) ਏ ਡੀ ਜੀ ਪੀ ਅਮਰਦੀਪ ਸਿੰਘ ਰਾਏ ਜੀ ਨੂੰ ਡੀ ਜੀ ਪੀ ਬਣਨ ਤੇ ਮੁਬਾਰਕਾਂ ਦਿੰਦੇ ਹੋਏ । ਵਿਕੀ ਉਮਰਾਨੰਗਲ

# ਯੁੱਧ ਨਸ਼ਿਆਂ ਵਿਰੁੱਧ ; ਜਲੰਧਰ ਦਿਹਾਤੀ ਪੁਲਿਸ ਵਲੋਂ ਆਪਰੇਸ਼ਨ ਕਾਸੋ ਤਹਿਤ 20 ਹਾਟਸਪਾਟ ਇਲਾਕਿਆਂ ਦੀ ਜਾਂਚ, 4 ਵਿਅਕਤੀ ਗ੍ਰਿਫ਼ਤਾਰ

ਜਲੰਧਰ, (ਲੋਕ ਬਾਣੀ)- ਐਸ.ਐਸ.ਪੀ. ਜਲੰਧਰ ਦਿਹਾਤੀ ਹਰਵਿੰਦਰ ਸਿੰਘ ਵਿਰਕ ਦੇ ਨਿਰਦੇਸ਼ਾਂ ਅਤੇ ਐਸ.ਪੀ. (ਇਨਵੈਸਟੀਗੇਸ਼ਨ) ਸਰਬਜੀਤ ਰਾਏ ਦੀ ਅਗਵਾਈ ਹੇਠ ਜਲੰਧਰ ਦਿਹਾਤੀ ਪੁਲਿਸ ਵਲੋਂ ਨਸ਼ਾ ਤਸਕਰੀ ਅਤੇ ਅਪਰਾਧਿਕ ਅਨਸਰਾਂ ਵਿਰੁੱਧ ਆਪਰੇਸ਼ਨ ਕਾਸੋ ਚਲਾਇਆ ਗਿਆ।

ਇਸ ਵਿਸ਼ੇਸ਼ ਮੁਹਿੰਮ ਦੌਰਾਨ 8 ਗਜ਼ਟਿਡ ਅਧਿਕਾਰੀ ਅਤੇ 128 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ, ਜਿਨ੍ਹਾਂ ਵਲੋਂ ਜ਼ਿਲ੍ਹੇ ਦੇ 20 ਹਾਟਸਪਾਟ ਇਲਾਕਿਆਂ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ 4 ਐਫ.ਆਈ.ਆਰ ਦਰਜ ਹੋਈਆਂ ਅਤੇ 4 ਵਿਅਕਤੀਆਂ ਨੂੰ ਐਨ.ਡੀ.ਪੀ.ਐਸ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਗਿਆ।

ਵੱਖ-ਵੱਖ ਥਾਵਾਂ 'ਤੇ ਕੀਤੀ ਗਈ ਰੇਡ ਦੌਰਾਨ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ। ਐਸ.ਐਸ.ਪੀ. ਜਲੰਧਰ ਦਿਹਾਤੀ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਆਪਰੇਸ਼ਨ ਕਾਸੋ ਚਲਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਜਿੱਥੇ ਨਸ਼ਾ ਤਸਕਰੀ ਦੀ ਲੜੀ ਨੂੰ ਤੋੜਨਾ ਹੈ, ਉੱਥੇ ਨੌਜਵਾਨ ਪੀੜ੍ਹੀ ਨੂੰ ਨਸ਼ੀਲੇ ਪਦਾਰਥਾਂ ਤੋਂ ਬਚਾਉਣਾ ਅਤੇ ਜ਼ਿਲ੍ਹੇ ਵਿੱਚ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਬਣਾਈ ਰੱਖਣਾ ਹੈ। ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਸਿਰਫ ਸ਼ੁਰੂਆਤ ਹੈ ਅਤੇ ਆਪਰੇਸ਼ਨ ਕਾਸੋ ਤਹਿਤ ਆਉਣ ਵਾਲੇ ਦਿਨਾਂ ਵਿੱਚ ਵੀ ਹੋਰ ਤੇਜ਼ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਨਸ਼ਿਆਂ ਖ਼ ?ਲਾਫ਼ ਯੁੱਧ ਵਿੱਚ ਆਮ ਜਨਤਾ ਨੂੰ ਸਰਗਰਮ ਭੂਮਿਕਾ ਨਿਭਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼ੱਕੀ ਗਤੀਵਿਧੀਆਂ ਦੀ ਸੂਚਨਾ ਤੁਰੰਤ ਨਜ਼ਦੀਕੀ ਪੁਲਿਸ ਥਾਣੇ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਜਾਣਕਾਰੀ ਬਿਲਕੁੱਲ ਗੁਪਤ ਰੱਖੀ ਜਾਵੇਗੀ।

# ਸ਼ ?ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਸਾਲ ਦੀ ਸੰਪੂਰਨ ਸੰਥਿਆ ਦੇ ਭੋਗ ਪਾਏ ਗਏ- ਸੰਥਿਆ ਲੈਣ ਵਾਲੀ ਸੰਗਤ ਨੂੰ ਕੀਤਾ ਗਿਆ ਸਨਮਾਨਿਤ

ਜੀਵਨ ਕੁਮਾਰ ਚੰਡੀਗੜ੍ਹ- ਸਥਾਨਕ ਗੁਰਦੁਆਰਾ ਦਸ਼ਮੇਸ਼ ਦਰਸ਼ਨ ਵਿਖੇ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਸੰਥਿਆ ਅਤੇ ਸਹਿਜ ਪਾਠ ਦੇ ਭੋਗ ਪਾਏ ਗਏ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਦਸ਼ਮੇਸ਼ ਦਰਸ਼ਨ ਮੁੱਲਾਂਪੁਰ ਗਰੀਬਦਾਸ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਪਿਛਲੇ ਸਾਲ ਬਾਬਾ ਗੁਰਮੁਖ ਸਿੰਘ ਵੱਲੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਸੰਥਿਆ ਆਰੰਭ ਕੀਤੀ ਗਈ ਸੀ ਜਿਸ ਨੂੰ ਕਿ ਸੰਪੂਰਨ ਹੋਣ ਵਿੱਚ ਪੂਰਾ ਇੱਕ ਸਾਲ ਦਾ ਸਮਾਂ ਲੱਗਿਆ ਹੈ ਅਤੇ ਅੱਜ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਸੰਥਿਆ ਅਤੇ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਸਬਦ ਕੀਰਤਨ ਕੀਤਾ ਗਿਆ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੱਲ ਰਹੀ ਸੰਥਿਆ ਲੜੀ ਵਿੱਚ ਇਲਾਕੇ ਦੀ ਸੰਗਤ ਵੱਲੋਂ ਵੱਡੀ ਸ਼ਮੂਲੀਅਤ ਕੀਤੀ ਗਈ ਅਤੇ ਸ਼ਰਧਾ ਭਾਵਨਾ ਅਤੇ ਉਤਸਾਹ ਨਾਲ ਰੋਜਾਨਾ ਗੁਰਦੁਆਰਾ ਸਾਹਿਬ ਵਿੱਚ ਆ ਕੇ ਸੰਥਿਆ ਵੇਲੇ ਸੰਗਤ ਸ਼ਾਮਲ ਹੁੰਦੀ ਸੀ ਉਹਨਾਂ ਦੱਸਿਆ ਜਿੱਥੇ ਅੱਜ ਦੇ ਸਮੇਂ ਵਿੱਚ ਹਰ ਵਿਅਕਤੀ ਮਾਇਆ ਪਿੱਛੇ ਦੌੜਦਾ ਹੈ ਉੱਥੇ ਹੀ ਬਾਬਾ ਗੁਰਮੁਖ ਸਿੰਘ ਵੱਲੋਂ ਇਹ ਸੇਵਾ ਨਿਸ਼ਕਾਮ ਕੀਤੀ ਗਈ ਜੋ ਕਿ ਬਹੁਤ ਵੱਡੀ ਗੱਲ ਹੈ ਇਸੇ ਦੌਰਾਨ ਜਿਹੜੀ ਸੰਗਤ ਵੱਲੋਂ ਸੰਪੂਰਨ ਸੰਥਿਆ ਗ੍ਰਹਿਣ ਕੀਤੀ ਉਨਾਂ ਨੂੰ ਗੁਰਦੁਆਰਾ ਕਰਤਾ ਪੁਰਖ ਨਿਵਾਸ ਬੜਮਾਜਰਾ ਵੱਲੋ ਪ੍ਰਮਾਣ ਪੱਤਰ ਦੇ ਕੇ ਅਤੇ ਮੈਡਲ ਪਾ ਕੇ ਸਨਮਾਨਿਤ ਵੀ ਕੀਤਾ ਗਿਆ ਗੱਲਬਾਤ ਕਰਦਿਆਂ ਬਾਬਾ ਗੁਰਮੁਖ ਸਿੰਘ ਨੇ ਦੱਸਿਆ ਕੀ ਉਹ ਗੁਰੂ ਕਾਂਸੀ ਦਮਦਮੀ ਟਕਸਾਲ ਤੋਂ ਪੜੇ ਹਨ ਅਤੇ ਪਿਛਲੇ 39 ਸਾਲਾਂ ਤੋਂ ਲਗਾਤਾਰ ਉਹਨਾਂ ਵੱਲੋਂ ਇਹ ਨਿਸਕਾਮ ਸੇਵਾ ਕੀਤੀ ਜਾ ਰਹੀ ਹੈ ਅਤੇ ਹਜਾਰਾਂ ਦੇ ਕਰੀਬ ਲੋਕਾਂ ਨੂੰ ਉਹ ਸੰਪੂਰਨ ਸੰਥਿਆ ਦੇ ਚੁੱਕੇ ਹਨ ਅਤੇ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਪਿੰਡਾਂ ਕਸਬਿਆ ਸ਼ਹਿਰਾਂ ਵਿੱਚ ਜਾ ਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਨਗੇ ਲੋਕਾਂ ਨੂੰ ਸੁਨੇਹਾ ਦਿੰਦਿਆਂ ਉਹਨਾਂ ਕਿਹਾ ਹੈ ਕਿ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨਾ ਚਾਹੀਦਾ ਤਾਂ ਕੀ ਬੱਚਾ ਸਿੱਧੇ ਰਾਸਤੇ ਪੈ ਸਕੇ ਇਸੇ ਦੌਰਾਨ ਪ੍ਰਬੰਧਕਾਂ ਵੱਲੋ ਬਾਬਾ ਗੁਰਮੁਖ ਸਿੰਘ ਨੂੰ ਸਿਰੋਪਾਓ ਭੇਟ ਕੀਤਾ ਗਿਆ।



# ਸੀਬੀਏ ਇਨਫੋਟੈਕ ਗੁਰਦਾਸਪੁਰ ਵੱਲੋਂ ਨਾਰੀ ਸਕਤੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ-ਇੰਜੀਨੀਅਰ ਸਿਮਰਨ

ਗੁਰਦਾਸਪੁਰ ( ਜਸਵਿੰਦਰ ਸਿੰਘ ) -ਨਾਰੀ ਸ਼ਕਤੀ ਅਤੇ ਤਕਨੀਕੀ ਖੇਤਰ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਆਤਮਕ ਨਿਰਭਰ ਬਣਾਉਣ ਦੇ ਉਦੇਸ਼ ਨਾਲ, ਸੀਬੀਏ ਇਨਫੋਟੈਕ ਗੁਰਦਾਸਪੁਰ ਵੱਲੋਂ ÷ਨਾਰੀ ਸਕਤੀ ਪ੍ਰੋਗ੍ਰਾਮ÷ ਦੀ ਸ਼ੁਰੂਆਤ ਕੀਤੀ ਗਈ ਹੈ ਇਹ ਪ੍ਰੋਗ੍ਰਾਮ ਲੜਕੀਆਂ ਅਤੇ ਮਹਿਲਾਵਾਂ ਲਈ ਤਕਨੀਕੀ ਖੇਤਰ ਵਿੱਚ ਨਵੇਂ ਰੋਜ਼ਗਾਰ ਦੇ ਮੌਕੇ ਖੋਲ੍ਹਣ ਅਤੇ ਉਨ੍ਹਾਂ ਨੂੰ ਆਧੁਨਿਕ ਕੰਪਿਊਟਰ ਤਕਨੀਕਾਂ ਵਿੱਚ ਦਾਖਲ ਕਰਨ ਦੀ ਪ੍ਰੇਰਣਾ ਦੇਵੇਗਾ ਸੀਬੀਏ ਇਨਫੋਟੈਕ ਦੀ ਚੇਅਰਪਰਸਨ ਇੰਜੀਨੀਅਰ ਸਿਮਰਨ ਨੇ ਦੱਸਿਆ ਕਿ "ਸਮਾਜ ਵਿੱਚ ਔਰਤਾਂ ਦੀ ਭੂਮਿਕਾ ਹਰ ਖੇਤਰ ਵਿੱਚ ਮਹੱਤਵਪੂਰਨ ਹੈ ਜਦੋਂ ਉਹ ਤਕਨੀਕੀ ਤੌਰ 'ਤੇ ਮਜ਼ਬੂਤ ਬਣਦੀਆਂ ਹਨ, ਤਾਂ ਉਹ ਸਿਰਫ਼ ਆਪਣੇ ਪਰਿਵਾਰ ਹੀ ਨਹੀਂ, ਸਗੋਂ ਪੂਰੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ ਇਹ ਪ੍ਰੋਗ੍ਰਾਮ ਉਨ੍ਹਾਂ ਲਈ ਹੈ, ਜੋ ਕਿਸੇ ਵੀ ਕਾਰਨ ਕਰਕੇ ਹੁਣ ਤੱਕ ਇਹ ਮੌਕੇ ਨਹੀਂ ਲੈ ਸਕੀਆਂ ਇਸ ਪ੍ਰੋਗ੍ਰਾਮ ਦੀ ਖਾਸ ਗੱਲ ਇਹ ਹੈ ਕਿ ਸਕੂਲਾਂ, ਕਾਲਜਾਂ ਦੀਆਂ ਵਿਦਿਆਰਥਣਾਂ ਅਤੇ ਘਰਾਂ ਵਿੱਚ ਰਹਿਣ ਵਾਲੀਆਂ ਮਹਿਲਾਵਾਂ ਲਈ 30% ਵਿਸ਼ੇਸ਼ ਡਿਸਕਾਊਂਟ ਦਿੱਤਾ ਜਾਵੇਗਾ ਇਹ ਇੱਕ ਸੁਨਹਿਰੀ ਮੌਕਾ ਹੈ ਉਹਨਾਂ ਲਈ ਜੋ ਆਪਣੇ ਭਵਿੱਖ ਨੂੰ ਤਕਨੀਕੀ ਤੌਰ 'ਤੇ ਮਜ਼ਬੂਤ ਬਣਾਉਣਾ ਚਾਹੁੰਦੀਆਂ ਹਨ ਇਸ ਪ੍ਰੋਗ੍ਰਾਮ ਰਾਹੀਂ ਦਿੱਤੇ ਜਾਣ ਵਾਲੇ ਮੁੱਖ ਕੋਰਸ:ਕੰਪਿਊਟਰ ਬੇਸਿਕ ਕੋਡਿੰਗ ਤੇ ਪ੍ਰੋਗ੍ਰਾਮਿੰਗ ਵੈੱਬ ਡਿਵੈਲਪਮੈਂਟ ਗ੍ਰਾਫਿਕ ਡਿਜ਼ਾਇਨ ਡੇਟਾਬੇਸ ਮੈਨੇਜਮੈਂਟਡਿਜੀਟਲ ਅਕਾਊਂਟਿੰਗ ਇਹ ਸਾਰੇ ਕੋਰਸ ਵਿਦਿਆਰਥਣਾਂ ਅਤੇ ਮਹਿਲਾਵਾਂ ਨੂੰ ਪੂਰੀ ਪੇਸ਼ੇਵਰ ਤਰੀਕੇ ਨਾਲ ਪ੍ਰਸ਼ਿਖਿਆ ਕੇ, ਉਨ੍ਹਾਂ ਨੂੰ ਰੋਜ਼ਗਾਰਯੋਗ ਬਣਾਉਣਗੇ ਸੀਬੀਏ ਇਨਫੋਟੈੱਕ ਦੀ ਟੀਮ ਉਨ੍ਹਾਂ ਨੂੰ ਕੋਰਸ ਪੂਰਾ ਹੋਣ ਉਪਰੰਤ ਪ ਲ ੇ ਸ ਿ ਮ ੰ ਟ ਸਹਾਇਤਾ ਵੀ ਮ੍ ਹ ੱ ਈ ਆ ਕਰਵਾਏਗੀ, ਤਾਂ ਜੋ ਉਹ ਵੱਖ-ਵੱਖ ਕੰਪਨੀਆਂ ਅਤੇ ਉਦਯੋਗਾਂ ਵਿੱਚ ਆਪਣਾ ਕਰੀਅਰ ਸ਼ੁਰੂ ਕਰ ਸਕਣ ਇੰਜੀਨੀਅਰ ਸਿਮਰਨ ਨੇ ਕਿਹਾ ਸਾਡਾ ਉਦੇਸ਼ ਕੇਵਲ ਸਿੱਖਿਆ ਦੇਣਾ ਨਹੀਂ ਸਗੋਂ ਉਨ੍ਹਾਂ ਨੂੰ ਆਤਮਨਿਰਭਰ ਬਣਾਉਣਾ ਹੈ ਚਾਹੁੰਦੇ ਹਾਂ ਕਿ ਹਰ ਲੜਕੀ ਅਤੇ ਮਹਿਲਾ ਆਪਣੇ ਪੈਰਾਂ 'ਤੇ ਖੜ੍ਹੀ ਹੋਵੇ, ਆਪਣੇ ਸੁਪਨੇ ਸਾਕਾਰ ਕਰੇ ਅਤੇ ਸਮਾਜ ਵਿੱਚ ਆਪਣੀ ਮਜ਼ਬੂਤ ਪਛਾਣ ਬਣਾਏ ਇਹ ਪ੍ਰੋਗ੍ਰਾਮ 23 ਅਪ੍ਰੈਲ 2025 ਤੋਂ ਗੁਰਦਾਸਪੁਰ ਸੈਂਟਰ ਵਿੱਚ ਸ਼ੁਰੂ ਕੀਤਾ ਜਾ ਰਿਹਾ ਹੈ। ਹਰ ਉਮਰ ਦੀ ਮਹਿਲਾ ਜਾਂ ਲੜਕੀ, ਜੋ ਤਕਨੀਕੀ ਖੇਤਰ ਵਿੱਚ ਆਪਣਾ ਭਵਿੱਖ ਸਵਾਰਨਾ ਚਾਹੁੰਦੀ ਹੈ, ਉਹ ਇਸ ਪ੍ਰੋਗ੍ਰਾਮ ਵਿੱਚ ਹਿੱਸਾ ਲੈ ਸਕਦੀ ਹੈ



ਇਹ ਜੋ ਬਹੁਤ ਜ਼ਿਆਦਾ ਮੀਂਹ ਵਰ ? ਰਿਹਾ ਹੈ,
ਇਸ ਨੂੰ ਵੇਖ ਕੇ ਕਿਸਾਨ ਸੋਚ-ਵਿਚਾਰ ਕਰ ਰਿਹਾ ਹੈ,
ਕਿਤੇ ਡੁੱਬ ਨਾ ਜਾਵੇ ਫ਼ਸਲ ਇਸ ਗੱਲ ਤੋਂ ਡਰ ਰਿਹਾ ਹੈ,
ਰੱਬ ਨਾ ਕਰੇ, ਇਹ ਕੁਦਰਤੀ ਆਫਤਾਂ (ਬਿਪਤਾ) ਨੂੰ ਜਰ ਰਿਹਾ ਹੈ,
ਕੁਝ ਵੀ ਕਰਨ ਤੋਂ ਅਸਮਰੱਥ ਬੈਠਾ ਵਿੱਚ ਘਰ ਰਿਹਾ ਹੈ,
ਲੱਗਦਾ ਹੈ, ਇਹ ਹੜ ? ਆਉਣ ਦੀ ਸਥਿਤੀ ਵਿੱਚ ਖੜ ? ਰਿਹਾ ਹੈ,
ਰੱਬ ਦਾ ਨਾਮ ਜਪ ਕੇ ਕਰ ਸਬਰ ਰਿਹਾ ਹੈ,
ਖ਼ਤਰੇ ਦੇ ਨਿਸ਼ਾਨ ਵੱਲ ਉੱਪਰ ਨੂੰ ਪਾਣੀ ਚੜ ? ਰਿਹਾ ਹੈ,
ਕੱਚੀ ਮਿੱਟੀ ਦਾ ਪੱਤਣ ਪਲ-ਪਲ ਖਰ ਰਿਹਾ ਹੈ,
ਨਹਿਰਾਂ ਤੇ ਦਰਿਆਵਾਂ ਨੂੰ ਪਾਣੀ ਨਾਲ ਭਰ ਰਿਹਾ ਹੈ,
ਕੁਝ ਦਰੱਖਤਾਂ ਦੀ ਇਹ ਉਖਾੜ ਜੜ ? ਰਿਹਾ ਹੈ,
'ਦਿਲਸ਼ਾਨ' ਬਚ ਸਕਦਾ ਹੈ ਉਹ ਨੁਕਸਾਨ ਤੋਂ, ਜੋ ਗੁਰਬਾਣੀ ਪੜ੍ਹ ਰਿਹਾ ਹੈ।

**ਦਿਲਸ਼ਾਨ, ਮੋਬਾਈਲ -9914304172**



# ਜ਼ਿਲ੍ਹੇ 'ਚ 15 ਸਰਪੰਚਾਂ ਅਤੇ 275 ਪੰਚਾਂ ਦੀਆਂ ਖ਼ਾਲੀ ਸੀਟਾਂ ਲਈ 27 ਜੁਲਾਈ ਨੂੰ ਹੋਣਗੀਆਂ ਚੋਣਾਂ

## 14 ਤੋਂ 17 ਜੁਲਾਈ ਤੱਕ ਹੋਣਗੀਆਂ ਨਾਮਜ਼ਦਗੀਆਂ

ਗੁਰਦਾਸਪੁਰ, ( ਜਸਵਿੰਦਰ ਸਿੰਘ ) ਰਾਜ ਚੋਣ ਕਮਿਸ਼ਨ ਵੱਲੋਂ ਗਰਾਮ ਪੰਚਾਇਤਾਂ ਵਿੱਚ ਸਰਪੰਚਾਂ ਅਤੇ ਪੰਚਾਂ ਦੀਆਂ ਖ਼ਾਲੀ ਸੀਟਾਂ ਉੱਪਰ ਚੋਣ ਕਰਵਾਉਣ ਲਈ ਚੋਣ ਸ਼ਡਿਊਲ ਦਾ ਐਲਾਨ ਕੀਤਾ ਗਿਆ ਹੈ, ਜਿਸ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ 15 ਸਰਪੰਚਾਂ ਅਤੇ 275 ਪੰਚਾਂ ਦੀਆਂ ਖ਼ਾਲੀ ਸੀਟਾਂ ਲਈ ਚੋਣਾਂ 27 ਜੁਲਾਈ ਨੂੰ ਹੋਣਗੀਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਚੋਣ ਸ਼ਡਿਊਲ ਅਨੁਸਾਰ ਨਾਮਜ਼ਦਗੀਆਂ ਦਾਖਲ ਕਰਨ ਦੀ ਪ੍ਰਕਿਰਿਆ 14 ਜੁਲਾਈ ਤੋਂ ਸ਼ੁਰੂ ਹੋਵੇਗੀ ਅਤੇ 17 ਜੁਲਾਈ ਆਖ਼ਰੀ ਮਿਤੀ ਹੋਵੇਗੀ। ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖਲ ਕੀਤੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਮਿਤੀ 19 ਜੁਲਾਈ ਹੈ। ਉਨ੍ਹਾਂ ਦੱਸਿਆ ਕਿ ਪੋਲਿੰਗ 27 ਜੁਲਾਈ ਨੂੰ ਹੋਵੇਗੀ ਅਤੇ ਵੋਟਿੰਗ ਪੂਰੀ ਹੋਣ ਤੋਂ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ, ਪੋਲਿੰਗ ਅਤੇ ਗਿਣਤੀ ਦੀ ਵੀਡੀਓਗ੍ਰਾਫੀ ਯਕੀਨੀ ਬਣਾਈ ਜਾਵੇਗੀ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਲਾਕ ਦੀਨਾਨਗਰ ਦੇ ਪਿੰਡ ਸ਼ਹਿਜ਼ਾਦਾ, ਕੋਟਲੀ ਮਾਈ ਉਮਰੀ, ਗੁਰਦਾਸਪੁਰ ਬਲਾਕ ਦੇ ਪਿੰਡ ਬਾਊਪੁਰ ਅਫ਼ਗਾਨਾਂ, ਘੁੱਲਾ, ਧਾਰੀਵਾਲ ਬਲਾਕ ਦੇ ਪਿੰਡ ਛੀਨਾ ਰੇਲ ਵਾਲਾ, ਕਾਹਨੂੰਵਾਨ ਬਲਾਕ ਦੇ ਪਿੰਡ ਕੱਲੂ ਸੋਹਲ, ਬਟਾਲਾ ਬਲਾਕ ਦੇ ਪਿੰਡ ਸੋਦੇਪੁਰ, ਕੁੱਲੀ ਚੱਕ ਖ਼ਾਸਾ, ਫ਼ਤਿਹਗੜ੍ਹ ਚੂੜੀਆਂ ਦੇ ਪਿੰਡ ਠੱਠਾ, ਖੈਹਿਰਾ ਖ਼ੁਰਦ, ਡੇਰਾ ਬਾਬਾ ਨਾਨਕ ਬਲਾਕ ਦੇ ਪਿੰਡ ਢਿੱਲਵਾਂ, ਸਿੰਘਪੁਰਾ, ਖੋਦੇ ਬੇਟ, ਕਲਾਨੌਰ ਬਲਾਕ ਦੇ ਪਿੰਡ ਚਿਕਰੀ, ਕੋਟਲਾ ਮੁਗ਼ਲਾਂ ਵਿਖੇ ਸਰਪੰਚੀ ਦੀ ਚੋਣ ਹੋਵੇਗੀ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ 275 ਪੰਚਾਂ ਦੀ ਚੋਣ ਵੀ ਕੀਤੀ ਜਾਵੇਗੀ



# ਰੁੱਖਾਂ ਦੀ ਸੰਭਾਲ ਉਸੇ ਤਰਾਂ ਹੀ ਜਰੂਰੀ ਜਿਵੇਂ ਮਾਵਾਂ ਨੂੰ ਬੱਚਿਆਂ ਦੀ ਪਾਲਣਾ ਕਰਨਾ -: ਰਾਜੀਵ ਸੈਣੀ

ਗੁਰਦਾਸਪੁਰ ( ਜਸਵਿੰਦਰ ਸਿੰਘ ) ਰੁੱਖਾਂ ਦੀ ਸੰਭਾਲ ਇਸੇ ਤਰਾਂ ਹੀ ਜਰੂਰੀ ਹੈ ਜਿਵੇਂ ਮਾਵਾਂ ਨੂੰ ਬੱਚਿਆਂ ਦੀ ਪਾਲਣਾ ਕਰਨਾ ਇਨਾਂ ਗੱਲਾਂ ਪ ?ਵਗਟਾਵਾ ਰਾਜੀਵ ਸੈਣੀ ਯੂਥ ਕਲੱਬ ਹਲਕਾ ਕੋਡੀਨੇਟਰ ਦੀਨਾਨਗਰ ਨੇ ਕੀਤਾ ਉਹਨਾਂ ਨੇ ਕਿਹਾ ਕਿ ਸਮੁੱਚੇ ਜਨਜੀਵਨ ਵਿੱਚ ਜੇਕਰ ਮਨੁੱਖ ਨੇ ਸਾਹ ਲੈਣਾ ਹੈ ਤਾਂ ਹਰ ਇੱਕ ਮਨੁੱਖ ਨੂੰ ਆਪਣੀ ਜਿੰਦਗੀ ਵਿੱਚ ਪੰਜ ਰੁੱਖ ਜਰੂਰ ਲਗਾਉਣੇ ਚਾਹੀਦੇ ਹਨ ਰਾਜੀਵ ਸੈਣੀ ਨੇ ਕਿਹਾ ਕਿ ਜਿਵੇਂ ਮਾਵਾਂ ਨੂੰ ਬੱਚਿਆਂ ਨੂੰ ਬੜੇ ਲਾਡਾ ਦੇ ਨਾਲ ਇਸ ਕਰਕੇ ਪਾਲਦੀਆਂ ਹਨ ਕਿਉਂਕਿ ਭਵਿੱਖ ਵਿੱਚ ਉਹ ਆਪਣੇ ਮਾਪਿਆਂ ਦਾ ਸਹਾਰਾ ਬਣਦੇ ਹਨ ਇਸੇ ਤਰਾ ਹੀ ਸਾਨੂੰ ਸਾਰਿਆਂ ਨੂੰ ਰੁੱਖ ਇਸ ਕਰਕੇ ਲਗਾਉਣੇ ਚਾਹੀਦੇ ਹਨ ਕਿਉਂਕਿ ਨਵੀਂ ਆਉਣ ਵਾਲੀ ਪਨੀਰੀ ਦੇ ਆਪਾਂ ਸਾਹਾਂ ਦੇ ਰਾਖੇ ਬਣ ਸਕੀਏ ਉਹਨਾਂ ਕਿਹਾ ਦੀ ਪੋਲਿਊਸ਼ਨ ਕਰਕੇ ਵਾਤਾਵਰਨ ਇਨਾ ਗੰਦਾ ਹੋ ਚੁੱਕਾ ਹੈ ਕਿ ਜੇਕਰ ਆਪਾਂ ਰੁੱਖ ਨਾ ਲਗਾਏ ਤਾਂ ਆਉਣ ਵਾਲੇ ਸਮੇਂ ਵਿੱਚ ਸਾਨੂੰ ਸਾਹ ਲੈਣਾ ਵੀ ਔਖਾ ਹੋ ਜਾਵੇਗਾ ਇਸ ਕਰਕੇ ਸਾਨੂੰ ਸਾਰਿਆਂ ਨੂੰ ਆਪਣੀ ਜਿੰਦਗੀ ਵਿੱਚ ਪੰਜ ਰੁੱਖ ਲਗਾਉਣ ਦਾ ਪ੍ਰਣ ਜਰੂਰ ਕਰਨਾ ਚਾਹੀਦਾ



# ਮੋਹਾਲੀ ਪੁਲਿਸ ਨੇ ਐਨ ਡੀ ਪੀ ਐਸ ਅਤੇ ਆਬਕਾਰੀ ਐਕਟ ਸਮੇਤ 12 ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਪਿਓ-ਪੁੱਤਰ ਦੀ ਗੈਰ-ਕਾਨੂੰਨੀ ਉਸਾਰੀ ਢਾਹੀ

## ਐਸ ਐਸ ਪੀ ਹਰਮਨ ਹਾਂਸ ਨੇ ਚੇਤਾਵਨੀ ਦਿੱਤੀ ਕਿ ਨਸ਼ਿਆਂ ਦੀ ਤਸਕਰੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਧਾਮੀ ਸ਼ਰਮਾ-"ਯੁੱਧ ਨਸ਼ਿਆਂ ਵਿਰੁਧ"ਮੁਹਿੰਮ ਤਹਿਤ ਜਾਰੀ ਕਾਰਵਾਈ ਵਿੱਚ, ਮੋਹਾਲੀ ਪੁਲਿਸ ਨੇ ਅੱਜ ਥਾਣਾ ਬਲੌਂਗੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਪਿੰਡ ਜੁਝਾਰ ਨਗਰ ਵਿੱਚ ਨਸ਼ਾ ਤਸਕਰੀ ਦੇ ਕਾਰੋਬਾਰ ਨਾਲ ਕੀਤੀ ਨਾਜਾਇਜ਼ ਉਸਾਰੀ ਢਾਹੁਣ ਦੀ ਮੁਹਿੰਮ ਚਲਾਈ। ਇਹ ਕਾਰਵਾਈ ਐਨ ਡੀ ਪੀ ਐਸ ਅਤੇ ਆਬਕਾਰੀ ਐਕਟ ਸਮੇਤ 12 ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਪਿਓ-ਪੁੱਤਰ ਦੀ ਜੋੜੀ ਵਿਰੁੱਧ ਕੀਤੀ ਗਈ। ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸ ਐਸ ਪੀ) ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਇਹ ਕਾਰਵਾਈ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ, ਪੰਜਾਬ ਪੁਲਿਸ, ਸ੍ਰੀ ਗੌਰਵ ਯਾਦਵ ਦੇ ਸਥਾਈ ਨਿਰਦੇਸ਼ਾਂ ਅਨੁਸਾਰ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਬੇਨਤੀ ਦੇ ਜਵਾਬ ਵਿੱਚ ਗੈਰ-ਕਾਨੂੰਨੀ ਉਸਾਰੀ ਢਾਹ ਦਿੱਤੀ ਗਈ, ਜਿਸਨੇ ਪੰਚਾਇਤੀ ਜ਼ਮੀਨ 'ਤੇ ਨਸ਼ਾ ਤਸਕਰ ਦੇ ਨਾਜਾਇਜ਼ ਕਬਜ਼ੇ ਨੂੰ ਹਟਾਉਣ ਵਿੱਚ ਜ਼ਿਲ੍ਹਾ ਪੁਲਿਸ ਦੀ ਮਦਦ ਮੰਗੀ ਸੀ। ਐਸ ਐਸ ਪੀ ਹਾਂਸ ਨੇ ਖੁਲਾਸਾ ਕੀਤਾ ਕਿ ਮਲਕੀਤ ਸਿੰਘ ਪੁੱਤਰ ਕਰਮ ਚੰਦ ਵਿਰੁੱਧ 2018 ਤੋਂ 2024 ਤੱਕ ਸੱਤ ਐਫ ਆਈ ਆਰਜ਼ ਦਰਜ ਹਨ। ਇਨ੍ਹਾਂ ਵਿੱਚ ਐਨ ਡੀ ਪੀ ਐਸ ਐਕਟ ਅਧੀਨ ਦੋ, ਆਬਕਾਰੀ ਐਕਟ ਅਧੀਨ ਤਿੰਨ ਅਤੇ ਆਈ ਪੀ ਸੀ ਅਧੀਨ ਦੋ ਹੋਰ ਪਰਚੇ ਸ਼ਾਮਲ ਹਨ। ਇਹ ਸਾਰੇ ਪਰਚੇ ਥਾਣਾ ਬਲੌਂਗੀ ਵਿੱਚ ਦਰਜ ਹਨ। ਉਸ ਦੇ ਪੁੱਤਰ ਹੈਪੀ ਦੇ ਨਾਮ 'ਤੇ ਬਲੌਂਗੀ ਪੁਲਿਸ ਸਟੇਸ਼ਨ ਵਿੱਚ 2018 ਤੋਂ 2025



ਵਿਚਕਾਰ ਪੰਜ ਐਫ ਆਈ ਆਰਜ਼ ਦਰਜ ਹੋਈਆਂ ਹਨ। ਇਨ੍ਹਾਂ ਵਿੱਚ ਐਨ ਡੀ ਪੀ ਐਸ ਐਕਟ ਅਧੀਨ ਦੋ, ਆਬਕਾਰੀ ਐਕਟ ਅਧੀਨ ਇੱਕ ਅਤੇ ਇੱਕ - ਇੱਕ ਆਈ ਪੀ ਸੀ ਅਧੀਨ ਅਤੇ ਬੀ ਐਨ ਐਸ (ਭਾਰਤੀ ਨਿਆ ਸੰਹਿਤਾ) ਤਹਿਤ ਸ਼ਾਮਲ ਹਨ। ਐਸ ਐਸ ਪੀ ਹਾਂਸ ਨੇ ਕਿਹਾ, ÷ਮੋਹਾਲੀ ਪੁਲਿਸ ਨਸ਼ਾ ਤਸਕਰਾਂ ਲਈ ਜ਼ੀਰੋ ਸਹਿਣਸ਼ੀਲਤਾ ਨੀਤੀ ਰੱਖਦੀ ਹੈ ਜੋ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨੂੰ ਤਬਾਹ ਕਰ ਰਹੇ ਹਨ।÷ ਉਨ੍ਹਾਂ ਕਿਹਾ, ÷ਜਦੋਂ ਪੰਚਾਇਤ ਵਿਭਾਗ ਨੇ ਗੈਰ-ਕਾਨੂੰਨੀ ਤੌਰ 'ਤੇ ਕਬਜ਼ੇ ਵਾਲੀ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਲਈ ਸਾਡੀ ਸਹਾਇਤਾ ਮੰਗੀ, ਤਾਂ ਡੀ ਐਸ ਪੀ ਖਰੜ-1, ਕਰਨ ਸੰਧੂ ਦੀ ਅਗਵਾਈ ਵਿੱਚ ਇੱਕ ਪੁਲਿਸ ਟੀਮ ਨੂੰ ਢਾਹੁਣ ਦੀ ਕਾਰਵਾਈ ਦੌਰਾਨ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਤਾਇਨਾਤ ਕੀਤਾ ਗਿਆ।ਐਸ ਐਸ ਪੀ ਹਾਂਸ, ਜਿਨ੍ਹਾਂ ਦੇ ਨਾਲ ਐਸ ਪੀ (ਪੀ ਬੀ ਆਈ) ਦੀਪਿਕਾ ਸਿੰਘ ਵੀ ਮੌਜੂਦ ਸਨ, ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵਿਭਾਗ ਦੀ ਅਟੁੱਟ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ, ÷ਇਹ ਸਖ਼ਤ ਅਤੇ ਮਿਸਾਲੀ ਕਾਰਵਾਈ ਸਾਰੇ ਸਮਾਜ ਵਿਰੋਧੀ ਅਨਸਰਾਂ ਲਈ ਇੱਕ ਸੰਦੇਸ਼ ਹੈ ਕਿ ਇਸ ਗੈਰ-ਕਾਨੂੰਨੀ ਵਪਾਰ ਵਿੱਚ ਸ਼ਾਮਲ ਕੋਈ ਵੀ ਵਿਅਕਤੀ ਕਾਨੂੰਨ ਦੀ ਸਖਤੀ ਤੋਂ ਬਚ ਨਹੀਂ ਸਕੇਗਾ।

# ਪੰਜਾਬ ਸੜਕ ਸਫ਼ਾਈ ਮਿਸ਼ਨ' ਤਹਿਤ ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਸਫ਼ਾਈ ਸਮੇਤ ਹੋਰ ਕੰਮਾਂ ਦਾ ਲਿਆ ਜਾਇਜ਼ਾ

ਜਲੰਧਰ, (ਲੋਕ ਬਾਣੀ)-ਸੜਕਾਂ ਦੀ ਨਿਰੰਤਰ ਨਿਗਰਾਨੀ ਲਈ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਉੱਚ ਅਧਿਕਾਰੀਆਂ ਵਲੋਂ 51 ਸੜਕਾਂ ਨੂੰ ਗੋਦ ਲਿਆ ਗਿਆ ਹੈ। ਇਸ ਮਿਸ਼ਨ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਅੱਜ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਵਿਵੇਕ ਮੋਦੀ ਨੇ ਜਲੰਧਰ-ਹੁਸ਼ਿਆਰਪੁਰ ਸੜਕ 'ਤੇ ਸਾਫ਼-ਸਫ਼ਾਈ ਅਤੇ ਹੋਰ ਹੋਣ ਵਾਲੇ ਜਰੂਰੀ ਕੰਮਾਂ ਦਾ ਜਾਇਜ਼ਾ ਲਿਆ। ਵਧੀਕ ਡਿਪਟੀ ਕਮਿਸ਼ਨਰ ਨੇ ਸਬੰਧਿਤ ਬੀ.ਡੀ.ਪੀ.ਓ ਨੂੰ ਹਦਾਇਤ ਕੀਤੀ ਕਿ ਹੁਸ਼ਿਆਰਪੁਰ ਸੜਕ ਦੀ ਸਾਫ਼-ਸਫ਼ਾਈ ਨੂੰ ਯਕੀਨੀ ਬਣਾਇਆ ਜਾਵੇ।



ਉਨ੍ਹਾਂ ਐਕਸੀਅਨ ਐੱਨ.ਐੱਚ.ਏ.ਆਈ. ਨੂੰ ਵੀ ਨਿਰਦੇਸ਼ ਦਿੱਤੇ ਕਿ ਸਮੁੱਚੀ ਸੜਕ 'ਤੇ ਖੱਡਿਆਂ ਨੂੰ ਤੁਰੰਤ ਠੀਕ ਕਰਵਾਇਆ ਜਾਵੇ। ਇਸ ਤੋਂ ਇਲਾਵਾ ਸੜਕ ਦੇ ਡਿਵਾਈਡਰਾਂ ਵਿਚਕਾਰ ਉੱਗੀ ਬੂਟੀ ਆਦਿ ਦੀ ਸਫਾਈ ਵੀ ਯਕੀਨੀ ਬਣਾਈ ਜਾਵੇ।

# ਕਮਿਸ਼ਨਰੇਟ ਪੁਲਿਸ ਜਲੰਧਰ ਨੇ ਕੁਝ ਹੀ ਘੰਟਿਆਂ 'ਚ ਕਤਲ ਦਾ ਮਾਮਲਾ ਸੁਲਝਾਇਆ, ਦੋ ਗ੍ਰਿਫਤਾਰ

## ਕਮਿਸ਼ਨਰੇਟ ਪੁਲਿਸ ਜਲੰਧਰ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਵਚਨਬੱਧ : ਪੁਲਿਸ ਕਮਿਸ਼ਨਰ

ਜਲੰਧਰ, (ਲੋਕ ਬਾਣੀ)- ਕਮਿਸ਼ਨਰੇਟ ਪੁਲਿਸ ਜਲੰਧਰ ਨੇ ਤੇਜ਼ ਕਾਰਵਾਈ ਕਰਦਿਆਂ ਇਕ ਕਤਲ ਦੇ ਮਾਮਲੇ ਨੂੰ ਕੁੱਝ ਘੰਟਿਆਂ ਅੰਦਰ ਹੀ ਸੁਲਝਾ ਲਿਆ ਹੈ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਵਿੱਚ ਮਨਪ੍ਰੀਤ ਸਿੰਘ ਢਿੱਲੋਂ, ਡੀ.ਸੀ.ਪੀ (ਇਨਵੈਸਟੀਗੇਸ਼ਨ), ਹਰਿੰਦਰ ਸਿੰਘ ਗਿੱਲ (ਏ.ਡੀ.ਸੀ.ਪੀ-2 ਸਿਟੀ), ਸਰਵਣਜੀਤ ਸਿੰਘ (ਏ.ਸੀ.ਪੀ ਵੈਸਟ) ਅਤੇ ਥਾਣਾ ਭਾਰਗੋ ਕੈਂਪ ਦੀ ਟੀਮ ਸਮੇਤ ਸੁਖਜੀਤ ਸਿੰਘ, ਐਸ.ਐਚ.ਓ. ਨੇ ਇਹ ਤੇਜ਼ ਕਾਰਵਾਈ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਕਾਰਵਾਈ ਦੌਰਾਨ ਪੁਲਿਸ ਨੇ ਥਾਣਾ ਭਾਰਗੋ ਕੈਂਪ ਦੇ ਖੇਤਰ 'ਚ ਹੋਏ ਨਿਰਦਈ ਕਤਲ ਵਿੱਚ ਸ਼ਾਮਿਲ ਦੋ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵੇਰਵਾ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਵਿਪਨ ਕੁਮਾਰ ਪੁੱਤਰ ਚਰਨ ਦਾਸ ਵਾਸੀ ਮਕਾਨ ਨੰਬਰ 625, ਨਜ਼ਦੀਕ ਸਿਵਲ ਡਿਸਪੈਂਸਰੀ, ਟਾਹਲੀ ਵਾਲਾ



ਚੌਂਕ, ਭਾਰਗੋ ਕੈਂਪ ਦੀ ਸ਼ਿਕਾਇਤ 'ਤੇ ਮੁਕੱਦਮਾ ਨੰਬਰ 107, ਮਿਤੀ 14.07.2025 ਨੂੰ ਧਾਰਾਵਾਂ 103(1), 191(3), ਅਤੇ 190 ਬੀਐਨਐਸ ਅਧੀਨ ਥਾਣਾ ਭਾਰਗੋ ਕੈਂਪ ਵਿੱਚ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਪਨ ਕੁਮਾਰ ਦਾ ਪੁੱਤਰ ਵਰੁਣ, ਉਸਦੇ ਭਤੀਜਿਆਂ ਲੋਕੇਸ਼ ਅਤੇ ਵਿਸ਼ਾਲ ਦੇ ਨਾਲ ਮਹਿੰਗਾ ਡੀਪੂ ਦੀ ਗਲੀ ਵਿੱਚੋਂ ਲੰਘ ਰਿਹਾ ਸੀ, ਜਦੋਂ ਕੁਝ ਅਣਪਛਾਤੇ ਨੌਜਵਾਨਾਂ ਨੇ ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਵਿਪਨ ਅਤੇ ਉਸਦਾ ਜੀਜਾ ਵੀ ਮੌਕੇ 'ਤੇ ਮੌਜੂਦ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ 'ਤੇ ਵੀ ਹਮਲਾ ਕਰ ਦਿੱਤਾ ਗਿਆ। ਹਮਲੇ ਦੌਰਾਨ ਵਰੁਣ ਪੁੱਤਰ ਵਿਪਨ ਜੋ ਜਿਆਦਾ ਜ਼ਖ਼ਮੀ ਹੋ ਗਿਆ ਅਤੇ ਉਸਨੂੰ ਤੁਰੰਤ ਸ਼੍ਰੀ ਰਾਮ ਨਿਊਰੋ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।

# ਚੇਅਰਮੈਨ ਰਾਜੀਵ ਸ਼ਰਮਾ ਨੇ ਯੁੱਧ ਨਸ਼ੇ ਵਿਰੁੱਧ ਤਹਿਤ ਹਲਕਾ ਵਾਈਸ ਕੋਆਡੀਨੇਟਰ ਨਿਯੁਕਤ ਹੋਣ ਤੇ ਰਣਜੀਤ ਸਿੰਘ ਪਾੜਾ ਨੂੰ ਵਧਾਈ ਦਿੱਤੀ

ਗੁਰਦਾਸਪੁਰ ( ਜਸਵਿੰਦਰ ਸਿੰਘ ) ਰਾਜੀਵ ਸ਼ਰਮਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਨੇ ਯੁੱਧ ਨਸ਼ੇ ਵਿਰੁੱਧ ਤਹਿਤ ਹਲਕਾ ਵਾਈਸ ਕੋਆਡੀਨੇਟਰ ਨਿਯੁਕਤ ਹੋਣ ਦੇ ਰਣਜੀਤ ਸਿੰਘ ਪਾੜਾ ਨੂੰ ਵਧਾਈ ਦਿੱਤੀ ਤੇ ਫੇਰ ਚੇਅਰਮੈਨ ਰਜੀਵ ਸ਼ਰਮਾ ਨੇ ਕਹਾ ਕਿ ਰਣਜੀਤ ਸਿੰਘ ਜੋ ਕਿ ਬਹੁਤ ਹੀ ਇਮਾਨਦਾਰ ਇਨਸਾਨ ਹਨ ਤੇ ਪਾਰਟੀ ਵਾਸਤੇ ਬਹੁਤ ਧਨਦੇਵੀ ਨਾਲ ਕੰਮ ਕਰਨਗੇ ਅਤੇ ਰਣਜੀਤ ਸਿੰਘ ਪਾੜਾ ਕਿਹਾ ਕੀ ਹਾਈਕਮਾਨ ਵੱਲੋ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਹਲਕਾ ਵਾਇਸ ਕੁਆਡੀਨੇਟਰ ਨਿਯੁਕਤ ਕੀਤਾ ਗਿਆ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਲੋਕ ਸਭਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ ਜੀ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਜੀ, ਅਤੇ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਦਿੱਤੀ ਗਈ ਨਵੀਂ ਜਿੰਮੇਵਾਰੀ ਨੂੰ ਤਨ ਮਨ ਨਾਲ ਨਿਭਾਵਾਂਗਾ



# ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਹਲਕਾ ਵਾਇਸ ਕੁਆਡੀਨੇਟਰ ਨਿਯੁਕਤ ਕੀਤਾ ਗਿਆ-: ਰਨਜੀਤ ਸਿੰਘ ਪਾੜਾਂ

ਗੁਰਦਾਸਪੁਰ ( ਜਸਵਿੰਦਰ ਸਿੰਘ ) ਰਨਜੀਤ ਸਿੰਘ ਨੂੰ ਹਾਈਕਮਾਨ ਵੱਲੋ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਹਲਕਾ ਵਾਇਸ ਕੁਆਡੀਨੇਟਰ ਨਿਯੁਕਤ ਕੀਤਾ ਗਿਆ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ



ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਲੋਕ ਸਭਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ ਜੀ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਜੀ, ਅਤੇ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਦਿੱਤੀ ਗਈ ਨਵੀਂ ਜਿੰਮੇਵਾਰੀ ਨੂੰ ਤਨ ਮਨ ਨਾਲ ਨਿਭਾਵਾਂਗਾ ਰਨਜੀਤ ਸਿੰਘ ਪਾੜਾ ਗੁਰਦਾਸਪੁਰ, ਹਲਕਾ ਵਾਇਸ ਕੁਆਡੀਨੇਟਰ ਨਸ਼ਾ ਮੁਕਤੀ ਮੋਰਚਾ

# ਭਗਤਾਂਵਾਲਾ ਕੂੜੇ ਦਾ ਡੰਪ: ਅੰਮ੍ਰਿਤਸਰ ਦੀ ਸੁੰਦਰਤਾ ’ਤੇ ਧੱਬਾ, ਕਾਂਗਰਸ ਦਾ ਸੰਘਰਸ਼ ਜਾਰੀ

ਅੰਮ੍ਰਿਤਸਰ, (ਲੋਕ ਬਾਣੀ)- ਅੰਮ੍ਰਿਤਸਰ ਦੇ ਦੱਖਣੀ ਹਲਕੇ ਵਿੱਚ ਸਥਿਤ ਭਗਤਾਂਵਾਲਾ ਕੂੜੇ ਦਾ ਡੰਪ, ਜੋ ਕਈ ਸਾਲਾਂ ਤੋਂ ਸ਼ਹਿਰ ਦੀ ਸੁੰਦਰਤਾ ’ਤੇ ਧੱਬਾ ਬਣਿਆ ਹੋਇਆ ਹੈ, ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਸ ਡੰਪ ਦੇ ਨਾਲ ਜੁੜੀਆਂ ਸਿਹਤ ਅਤੇ ਵਾਤਾਵਰਣ ਸੰਬੰਧੀ ਸਮੱਸਿਆਵਾਂ ਨੇ ਸਥਾਨਕ ਲੋਕਾਂ ਦੀ ਜ਼ਿੰਦਗੀ ਨੂੰ ਮੁਸੀਬਤ ਵਿੱਚ ਪਾਇਆ ਹੈ। ਪੰਜਾਬ ਕਾਂਗਰਸ ਓਬੀਸੀ ਦੇ ਪ੍ਰਧਾਨ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਇਸ ਮੁੱਦੇ ਨੂੰ ਬੜੀ ਬੇਬਾਕੀ ਨਾਲ ਚੁੱਕਿਆ ਹੈ, ਜਿਸ ਨਾਲ ਪ੍ਰਸ਼ਾਸਨ ਅਤੇ ਸਰਕਾਰ ਵੀ ਹਰਕਤ ਵਿੱਚ ਆ ਗਈ ਹੈ। ਭਗਤਾਂਵਾਲਾ ਡੰਪ ਦੇ ਕੂੜੇ ਦੇ ਪਹਾੜ ਨੇ ਸਥਾਨਕ ਲੋਕਾਂ ਵਿੱਚ ਕੈਂਸਰ, ਕਾਲਾ ਪੀਲੀਆ, ਦਮਾ, ਜਿਗਰ ਅਤੇ ਦਿਮਾਗ ਦਾ ਕੈਂਸਰ, ਚਮੜੀ ਦੇ ਰੋਗ ਅਤੇ ਅੱਖਾਂ ਦੀ ਰੌਸ਼ਨੀ ਗੁਆਉਣ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਜਨਮ ਦਿੱਤਾ ਹੈ। ਇਹ ਕੂੜੇ ਦਾ ਪਹਾੜ ਅੰਮ੍ਰਿਤਸਰ ਦੇ ਲੋਕਾਂ ਲਈ ਮੌਤ ਦਾ ਸੱਦਾ ਬਣ ਗਿਆ ਹੈ। ਇਹ ਸਿਰਫ ਸਥਾਨਕ ਮੁੱਦਾ ਨਹੀਂ, ਇਸ ਦਾ ਪ੍ਰਦੂਸ਼ਣ ਪੂਰੇ ਸ਼ਹਿਰ ਵਿੱਚ ਫੈਲ ਰਿਹਾ ਹੈ ਸੋਨੂੰ ਜੰਡਿਆਲਾ ਜੋ ਮੀਂਹ ਦੇ ਵਿਚਕਾਰ ਵੀ ਲਗਾਤਾਰ ਇਸ ਮੁੱਦੇ ਨੂੰ ਉਠਾਉਣ ਲਈ ਪ੍ਰਦਰਸ਼ਨ ਕਰ ਰਿਹਾ ਸੀ ਨੇ ਕਿਹਾ ਕਿ ਉਹ ਪਿਛਲੇ ਕਈ ਦਿਨਾਂ ਤੋਂ ਭਗਤਾਂਵਾਲਾ ਡੰਪ ਦੀ ਲੜਾਈ ਲੜ ਰਿਹਾ ਹੈ ਅਤੇ ਲੋਕਾਂ ਦਾ ਪੂਰਨ ਸਮਰਥਨ ਮਿਲ ਰਿਹਾ ਹੈ। ਸੋਸ਼ਲ ਮੀਡੀਆ ’ਤੇ ਉਸ ਦੀ ਵਾਤਾਵਰਣ ਅਤੇ ਜਨ ਸਿਹਤ ਪ੍ਰਤੀ ਸਮਰਪਣ ਦੀ ਸ਼ਲਾਘਾ ਹੋ ਰਹੀ ਹੈ। ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਵੀ ਉਸ ਦਾ ਸਮਰਥਨ



ਕਰਦਿਆਂ ਕਿਹਾ ਜੇਕਰ ਪੰਜਾਬ ਸਰਕਾਰ ਇਸ ਮੁੱਦੇ ਦੇ ਹੱਲ ਲਈ ਕੋਈ ਠੋਸ ਪ੍ਰਸਤਾਵ ਤਿਆਰ ਕਰਦੀ ਹੈ, ਤਾਂ ਉਹ ਕੇਂਦਰ ਤੋਂ ਫੰਡ ਮੁਹੱਈਆ ਕਰਵਾਉਣ ਦੀ ਪੂਰੀ ਕੋਸ਼ਿਸ਼ ਕਰਨਗੇ। ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਸਾਡਾ ਪਹਿਲਾ ਫਰਜ਼ ਹੈ ਔਜਲਾ ਨੇ ਇਸ ਮੁੱਦੇ ਦੇ ਵਾਰ-ਵਾਰ ਰਾਜਨੀਤੀਕਰਨ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਚੋਣਾਂ ਸਮੇਂ ਵਾਅਦੇ ਤਾਂ ਸਾਰੇ ਕਰਦੇ ਹਨ, ਪਰ ਕੋਈ ਵੀ ਸਥਾਈ ਹੱਲ ਨਹੀਂ ਕਰਦਾ। ਅੰਮ੍ਰਿਤਸਰ ਮਿਉਂਸਪਲ ਕਾਰਪੋਰੇਸ਼ਨ ਨੇ ਹਾਲ ਹੀ ਵਿੱਚ 36.53 ਕਰੋੜ ਰੁਪਏ ਦੀ ਲਾਗਤ ਨਾਲ 15 ਮਹੀਨਿਆਂ ਵਿੱਚ ਬਾਇਓ-ਰੀਮੀਡੀਏਸ਼ਨ ਰਾਹੀਂ ਇਸ ਡੰਪ ਦੇ ਪੁਰਾਣੇ ਕੂੜੇ ਨੂੰ ਸਾਫ ਕਰਨ ਦਾ ਐਲਾਨ ਕੀਤਾ ਹੈ। ਮਿਉਂਸਪਲ ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਪੁਸ਼ਟੀ ਕੀਤੀ ਕਿ 11 ਲੱਖ ਮੀਟ੍ਰਿਕ ਟਨ ਕੂੜੇ ਦੇ ਨਿਪਟਾਰੇ ਲਈ ਨਵਾਂ ਟੈਂਡਰ ਜਾਰੀ ਕੀਤਾ ਗਿਆ ਹੈ ਅਤੇ ਹੋਰ ਵਾਰਡਾਂ ਵਿੱਚ ਕੂੜਾ ਇਕੱਤਰ ਕਰਨ ਅਤੇ ਪ੍ਰੋਸੈਸਿੰਗ ਲਈ ਵੱਖਰੇ ਟੈਂਡਰ ਵੀ ਜਾਰੀ ਹੋਏ ਹਨ।ਸਥਾਨਕ ਵਸਨੀਕਾਂ ਨੂੰ ਇਸ ਤੋਂ ਕੁਝ ਆਸ ਜਾਗੀ ਹੈਪਰ ਉਹ ਸਾਵਧਾਨ ਵੀ ਹਨ। ਸੋਨੂੰ ਨੇ ਕਿਹਾ ਹਰ ਚੋਣ ਵਿੱਚ ਲੋਕ ਵਾਅਦੇ ਸੁਣਦੇ ਹਨ ਪਰ ਕੂੜੇ ਦਾ ਪਹਾੜ ਹਰ ਸਾਲ ਵੱਧਦਾ ਜਾ ਰਿਹਾ ਹੈ। ਸਾਡੇ ਬੱਚੇ ਬਿਮਾਰ ਪੈ ਰਹੇ ਹਨ ਡੰਪ ਦੇ ਨੇੜੇ ਰਹਿਣ ਵਾਲਿਆਂ ਨੂੰ ਪੁੱਛ ਕੇ ਵੇਖੋ। ਵਾਤਾਵਰਣ ਮਾਹਿਰਾਂ ਅਨੁਸਾਰ, ਇਸ ਡੰਪ ਦਾ ਪ੍ਰਦੂਸ਼ਣ ਨੇੜਲੇ ਇਲਾਕਿਆਂ ਤੋਂ ਇਲਾਵਾ ਪੂਰੇ ਸ਼ਹਿਰ ਨੂੰ ਪ੍ਰਭਾਵਿਤ ਕਰ ਰਿਹਾ ਹੈ।

## ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਹਲਕਾ ਵਾਇਸ ਕੁਆਡੀਨੇਟਰ ਨਿਯੁਕਤ ਕੀਤਾ ਗਿਆ : ਪਵਨ ਕੁਮਾਰ

ਗੁਰਦਾਸਪੁਰ ( ਜਸਵਿੰਦਰ ਸਿੰਘ ) ਪਵਨ ਕੁਮਾਰ ਨੂੰ ਹਾਈਕਮਾਨ ਵੱਲੋ ਯੁੱਧ ਨਸ਼ੇ ਵਿਰੁੱਧ ਮੁਹਿੰਮ ਤਹਿਤ ਹਲਕਾ ਵਾਇਸ ਕੁਆਡੀਨੇਟਰ ਨਿਯੁਕਤ ਕੀਤਾ ਗਿਆ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਲੋਕ ਸਭਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ ਜੀ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਜੀ, ਅਤੇ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ

**ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ**

ਦਿਵਾਉਂਦਾ ਹਾਂ ਕਿ ਦਿੱਤੀ ਗਈ ਨਵੀਂ ਜਿੰਮੇਵਾਰੀ ਨੂੰ ਤਨ ਮਨ ਨਾਲ ਨਿਭਾਵਾਂਗਾ ਪਵਨ ਕੁਮਾਰ ਜ਼ਿਲ੍ਹਾ ਜੁਆਇੰਟ ਸਕੱਤਰ ਬੀ ਸੀ ਵਿੰਗ ਗੁਰਦਾਸਪੁਰ, ਹਲਕਾ ਵਾਇਸ ਕੁਆਡੀਨੇਟਰ ਨਸ਼ਾ ਮੁਕਤੀ ਮੋਰਚਾ





ਪੁਲਿਸ ਮਹਿਕਮੇ ਦੇ ਬਹੁਤ ਹੀ ਇਮਾਨਦਾਰ ਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਵਾਲੇ ਪੁਲਿਸ ਅਧਿਕਾਰੀ ਏ ਐਸ ਆਈ ਰਸ਼ਪਾਲ ਸਿੰਘ ਨੂੰ ਪ੍ਰਸ਼ੰਸਾ ਪੱਤਰ ਤੇ ਨਗਦੀ ਦੇ ਕਿ ਸਨਮਾਨਿਤ ਕਰਦੇ ਹੋਏ । ਐਸ ਐਸ਼ ਪੀ ਮਹਿਤਾਬ ਸਿੰਘ ਤੇ ਡੀ ਆਈ ਜੀ ਮੈਡਮ ਲੁਧਿਆਣਾ ਰੇਂਜ ਫੋਟੋ ਤੇ ਵੇਰਵਾ, ਵਿਕੀ ਉਮਰਾਨੰਗਲ

## 8 ਗ੍ਰਾਮ ਹੈਰੋਇਨ ਸਮੇਤ ਇੱਕ ਪੁਲਿਸ ਅੜੀਕੇ

ਪੱਟੀ( ਹੈਪੀ ਸਭਰਾਂ) ਪੁਲਿਸ ਥਾਣਾ ਸਦਰ ਪੱਟੀ ਅਧੀਨ ਪੈਂਦੀ ਪੁਲਿਸ ਚੌਂਕੀ ਸਭਰਾਂ ਦੀ ਪੁਲਿਸ ਪਾਰਟੀ ਨੇ ਗਸ਼ਤ ਕਰਦਿਆਂ ਇੱਕ ਵਿਅਕਤੀ ਨੂੰ 8 ਗਰਾਮ ਹੈਰੋਇਨ ਸਮੇਤ ਕੀਤਾ ਕਾਬੂ ਪੁਲਿਸ ਚੌਂਕੀ ਦੇ ਇੰਚਾਰਜ ਨਿਰਮਲ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਿਸ ਪਾਰਟੀ ਸਮੇਤ ਗਸ਼ਤ ਦੇ ਸਬੰਧ ਵਿੱਚ ਸਭਰਾਂ ਤੋਂ ਦੁਬਲੀ ਰੋਡ ਨੂੰ ਜਾ ਰਹੇ ਸੀ ਜਦਕਿ ਪੁਲਿਸ ਪਾਰਟੀ ਨੇੜੇ ਚੱਠੂਆਂ ਦਾ ਬੋਹੜ ਨਜ਼ਦੀਕ ਪੁੱਜੀ ਤਾਂ ਪਿੰਡ ਦੁਬਲੀ ਸਾਈਡ ਤੋਂ ਇੱਕ ਵਿਅਕਤੀ ਆਉਂਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਵੇਖ ਕੇ ਪਹਿਨੇ ਹੋਏ ਲੋਰ ਦੀ ਸੱਜੀ ਜੇਬ ਵਿੱਚੋਂ ਮੋਮੀ ਲਿਫਾਫਾ



ਵਜਨਦਾਰ ਕੱਢ ਕੇ ਸੁੱਟ ਦਿੱਤਾ ਜਿਸ ਨੂੰ ਕਾਬੂ ਕਰਕੇ ਨਾਮ ਪੁੱਛਿਆ ਜਿਸਨੇ ਆਪਣਾ ਨਾਮ ਸੁਖਚੈਨ ਸਿੰਘ ਉਰਫ ਚੰਨਾ ਪੁੱਤਰ ਸਵਰਨ ਸਿੰਘ ਵਾਸੀ ਸਭਰਾਂ ਦੱਸਿਆ ਜਿਸ ਵੱਲੋਂ ਸੁੱਟੇ ਲਿਫਾਫੇ ਨੂੰ ਚੈੱਕ ਕਰਨ ਤੇ ਹੈਰੋਇਨ ਬਰਾਮਦ ਹੋਈ ਹੈਰੋਇਨ ਦਾ ਵਜਨ ਕਰਨ ਤੇ 8 ਗ੍ਰਾਮ ਹੈਰੋਇਨ ਬਰਾਮਦ ਕੀਤੀ ਇਸ ਦੋਸ਼ੀ ਖਿਲਾਫ ਮੁਕਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ

## ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਦੇ ਇਲਾਜ ਕਾਰਡ ਦੇ ਨਾਲ ਸ਼ਲਾਘਾ ਯੋਗ ਕਦਮ -ਗੁਰਜੀਤ ਸਿੰਘ ਸੋਨੂ ਸੇਖੋਂ ਬਲਾਕ ਪ੍ਰਧਾਨ ਪੱਟੀ ਅਤੇ ਸੀਨੀਅਰ ਆਗੂ ਗੁਰਸਾਹਿਬ ਸਿੰਘ ਸਾਹਿਬ ਜੋਤੀ ਸ਼ਾਹ ਤੋਂ

ਪੱਟੀ (ਹੈਪੀ ਸਭਰਾ) ਆਮ ਆਦਮੀ ਪਾਰਟੀ ਦੇ ਸਟੇਟ ਕਨਵੀਨਰ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਕੈਬਨਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਹਰੇਕ ਵਰਗ ਅਤੇ ਹਰ ਪਰਿਵਾਰ ਲਈ ਸਿਹਤ ਇਲਾਜ ਕਾਰਡ ਦੀ ਰਕਮ ਨੂੰ ਵਧਾ ਕੇ 10 ਲੱਖ ਰੁਪਏ ਤੱਕ ਦਾ ਸਲਾਨਾ ਮੁਕਤ ਇਲਾਜ ਦੀ ਸਕੀਮ ਜਾਰੀ ਕਰ ਸਹੂਲਤਾਂ ਦਿੱਤੀਆਂ ਗਈਆਂ ਹਨ ਜੋ ਆਮ ਆਦਮੀ ਪਾਰਟੀ ਸਰਕਾਰ ਦਾ ਉਪਰਾਲਾ ਪਾਰਟੀ ਦੇ ਹਿੱਤ ਅਤੇ ਵਰਕਰਾਂ ਲਈ ਵੱਡਾ ਸਲਾਘਾ ਯੋਗ ਕਦਮ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਗੁਰਜੀਤ ਸਿੰਘ ਸੋਨੂ ਸੇਖੋਂ ਬਲਾਕ ਪ੍ਰਧਾਨ ਪੱਟੀ ਅਤੇ ਸੀਨੀਅਰ ਆਗੂ ਗੁਰਸਾਹਿਬ ਸਿੰਘ ਸਾਬ ਪਿੰਡ ਜੋਤੀ ਸ਼ਾਹ ਤੋਂ ਆਮ ਆਦਮੀ ਪਾਰਟੀ ਸਰਕਾਰ ਦੇ ਫਕਰ ਅਤੇ





ਮਾਨ ਮਹਿਸੂਸ ਕਰਦਿਆਂ ਕਿਹਾ ਕਿ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਿਆਂਦੀ ਸਕੀਮ ਤਹਿਤ ਹਰ ਵਰਗ ਤੇ ਹਰ ਸਮੂਹ ਔਰਤ ਬੱਚਿਆਂ ਬਜ਼ੁਰਗਾਂ ਮਰਦਾਂ ਅਤੇ ਬੇਸਹਾਰਾ ਪਰਿਵਾਰਾਂ ਨੂੰ ਹੱਕਦਾਰ ਬਣਾਇਆ ਹੈ ਤਾਂ ਕਿ ਕੋਈ ਵੀ ਵਿਅਕਤੀ ਬਿਮਾਰੀ ਦੀ ਹਾਲਤ ਵਿੱਚ ਇਲਾਜ ਤੋਂ ਵਾਂਝਾ ਨਾ ਰਹਿ ਸਕੇ ਗੁਰਜੀਤ ਸਿੰਘ ਸੋਨੂ ਸੇਖੋਂ ਬਲਾਕ ਪ੍ਰਧਾਨ ਪੱਟੀ ਅਤੇ ਸੀਨੀਅਰ ਆਗੂ ਗੁਰਸਾਹਿਬ ਸਿੰਘ ਸਾਹਿਬ ਜੋਤੀ ਸ਼ਾਹ ਤੋਂ ਨੇ ਕਿਹਾ ਕਿ ਸੂਬੇ ਦੀ ਸਰਕਾਰ ਵਿੱਚ ਅਨੁਸੂਚਿਤ ਜਾਤੀਆਂ ਦੇ ਵਰਗ ਲਈ ਤਿੰਨ ਕਰੋੜ 70 ਲੱਖ ਰੁਪਏ ਤੋਂ ਵੱਧ ਕਰਜ਼ਾ ਮਾਫ ਕਰਨਾ ਇਹ ਵੀ ਸਾਡੇ ਲਈ ਮਾਣ ਵਾਲੀ ਗੱਲ ਹੈ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ ’ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਵਿਸ਼ਵ ਯੁਵਾ ਹੁਨਰ ਦਿਵਸ 15 ਜੁਲਾਈ 2025-ਏਆਈ ਅਤੇ ਡਿਜੀਟਲ ਹੁਨਰਾਂ ਰਾਹੀਂ ਯੁਵਾ ਸਸ਼ਕਤੀਕਰਨ

## ਹੁਨਰ ਵਿਕਾਸ ਇੱਕ ਸੰਕਟ-ਹੱਲ ਕਰਨ ਵਾਲਾ ਬੌਧਿਕ ਹਥਿਆਰ ਹੈ- ਹੁਨਰ ਵਿਕਾਸ ਨੌਜਵਾਨਾਂ ਦੀ ਖੁਸ਼ਹਾਲੀ ਦੀ ਕੁੰਜੀ ਹੈ ਜੋ ਤਬਦੀਲੀ ਦੇ ਵਾਹਕ ਹਨ

ਗੋਂਡੀਆ - ਬ੍ਰਹਿਮੰਡ ਦੇ ਸਿਰਜਣਹਾਰ ਨੇ ਕੁਦਰਤੀ ਤੌਰ 'ਤੇ ਮਨੁੱਖਾਂ ਨੂੰ ਬੌਧਿਕ ਸਮਰੱਥਾ ਦਾ ਇੱਕ ਬੇਮਿਸਾਲ ਖਜ਼ਾਨਾ ਦਿੱਤਾ ਹੈ। ਬੱਸ! ਲੋੜ ਇਸਨੂੰ ਪਛਾਣਨ ਅਤੇ ਵਧਾਉਣ ਦੀ ਹੈ, ਜਿਸ ਦੇ ਆਧਾਰ 'ਤੇ ਸਫਲਤਾ ਦੀਆਂ ਸੀਮਾਵਾਂ ਨੂੰ ਪਾਰ ਕੀਤਾ ਜਾ ਸਕਦਾ ਹੈ! ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ, ਮੰਨਦਾ ਹਾਂ ਕਿ ਹਰ ਮਨੁੱਖ ਕੋਲ ਆਪਣੇ ਪੱਧਰ 'ਤੇ ਵੱਖ-ਵੱਖ ਹੁਨਰ ਹੁੰਦੇ ਹਨ, ਬਸ ਇਸਨੂੰ ਪਛਾਣੋ ਅਤੇ ਇਸਨੂੰ ਵਿਕਸਤ ਕਰੋ, ਜਿਸਨੂੰ ਅਸੀਂ ਹੁਨਰ ਵਿਕਾਸ ਦਿਵਸ ਦੇ ਨਾਮ 'ਤੇ ਮਨਾਉਂਦੇ ਹਾਂ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ ਅਸੀਂ 15 ਜੁਲਾਈ 2025 ਨੂੰ ਵਿਸ਼ਵ ਯੁਵਾ ਹੁਨਰ ਦਿਵਸ ਮਨਾ ਰਹੇ ਹਾਂ। 2014 ਤੋਂ, ਸੰਯੁਕਤ ਰਾਸ਼ਟਰ ਨੇ ਹਰ ਸਾਲ 15 ਜੁਲਾਈ ਨੂੰ ਵਿਸ਼ਵ ਯੁਵਾ ਹੁਨਰ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਸੀ। ਇਹ ਪਹਿਲੀ ਵਾਰ 15 ਜੁਲਾਈ 2015 ਨੂੰ ਮਨਾਇਆ ਗਿਆ ਸੀ ਅਤੇ ਹਰ ਸਾਲ ਇੱਕ ਨਵੇਂ ਥੀਮ ਨਾਲ ਮਨਾਇਆ ਜਾਂਦਾ ਹੈ। ਸਾਲ 2025 ਦਾ ਥੀਮ ਏਆਈ ਅਤੇ ਡਿਜੀਟਲ ਹੁਨਰਾਂ ਰਾਹੀਂ ਯੁਵਾ ਸਸ਼ਕਤੀਕਰਨ ਹੈ। ਇਸ ਲਈ ਅੱਜ, ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਇਸ ਲੇਖ ਰਾਹੀਂ ਹੁਨਰ ਵਿਕਾਸ 'ਤੇ ਚਰਚਾ ਕਰਾਂਗੇ।

ਦੋਸਤੋ, ਜੇਕਰ ਅਸੀਂ ਵਿਸ਼ਵ ਯੁਵਾ ਹੁਨਰ ਦਿਵਸ 2025 ਬਾਰੇ ਗੱਲ ਕਰੀਏ, ਤਾਂ ਇਹ ਸਮਾਜਿਕ-ਆਰਥਿਕ ਸੁਧਾਰਾਂ ਵੱਲ ਇੱਕ ਠੋਸ ਯਤਨ ਹੈ ਜੋ ਜਲਵਾਯੂ ਪਰਿਵਰਤਨ, ਟਕਰਾਅ, ਨਿਰੰਤਰ ਗਰੀਬੀ, ਵਧਦੀ ਅਸਮਾਨਤਾ, ਤੇਜ਼ੀ ਨਾਲ ਤਕਨੀਕੀ ਤਬਦੀਲੀ, ਜਨਸੰਖਿਆ ਤਬਦੀਲੀ, ਅਤੇ ਹੋਰ ਚੁਣੌਤੀਆਂ ਨਾਲ ਜੁੜੇ ਹੋਏ ਹਨ। ਨੌਜਵਾਨ ਔਰਤਾਂ ਅਤੇ ਕੁੜੀਆਂ, ਅਪਾਹਜ ਨੌਜਵਾਨ, ਗਰੀਬ ਪਰਿਵਾਰਾਂ ਦੇ ਨੌਜਵਾਨ, ਪੇਂਡੂ ਭਾਈਚਾਰਿਆਂ, ਆਦਿਵਾਸੀ ਲੋਕ ਅਤੇ ਘੱਟ ਗਿਣਤੀ ਸਮੂਹਾਂ ਦੇ ਨਾਲ-ਨਾਲ ਹਿੰਸਕ ਟਕਰਾਅ ਅਤੇ ਰਾਜਨੀਤਿਕ ਅਸਥਿਰਤਾ ਦੇ ਨਤੀਜੇ ਭੁਗਤਣ ਵਾਲੇ ਲੋਕ, ਕਾਰਕਾਂ ਦੇ ਸੁਮੇਲ ਕਾਰਨ ਬਾਹਰ ਰੱਖੇ ਗਏ ਹਨ। ਇਸ ਤੋਂ ਇਲਾਵਾ, ਸੰਕਟ ਨੇ ਕੰਮ ਦੀ ਦੁਨੀਆ ਵਿੱਚ ਪਹਿਲਾਂ ਤੋਂ ਹੀ ਚੱਲ ਰਹੇ ਬਹੁਤ ਸਾਰੇ ਬਦਲਾਵਾਂ ਨੂੰ ਤੇਜ਼ ਕਰ ਦਿੱਤਾ ਹੈ, ਜਿਸ ਨਾਲ ਸਾਨੂੰ ਨੌਕਰੀ ਲੱਭਣ ਵਾਲਿਆਂ ਦੀ ਬਜਾਏ ਨੌਕਰੀ ਸਿਰਜਣਹਾਰ ਬਣਨ ਲਈ ਲੋੜੀਂਦੇ ਹੁਨਰਾਂ ਅਤੇ ਯੋਗਤਾਵਾਂ ਬਾਰੇ ਅਨਿਸ਼ਚਿਤਤਾ ਦੀਆਂ ਪਰਤਾਂ ਜੋੜੀਆਂ ਹਨ। ਸੰਯੁਕਤ ਰਾਸ਼ਟਰ ਅਤੇ ਇਸਦੀਆਂ ਏਜੰਸੀਆਂ, ਜਿਵੇਂ ਕਿ ਯੂਨੈਸਕੋ-ਯੂਐਨਈਵੀਓਸੀ, ਕੰਮ ਦੀ ਦੁਨੀਆ ਵਿੱਚ ਰੁਕਾਵਟਾਂ ਨੂੰ ਘਟਾ ਕੇ, ਇਹ ਯਕੀਨੀ ਬਣਾ ਕੇ ਕਿ ਹਾਸਲ ਕੀਤੇ ਹੁਨਰਾਂ ਨੂੰ ਮਾਨਤਾ ਦਿੱਤੀ ਜਾਵੇ ਅਤੇ ਪ੍ਰਮਾਣਿਤ ਕੀਤਾ ਜਾਵੇ, ਅਤੇ ਸਕੂਲ ਤੋਂ ਬਾਹਰ ਦੇ ਨੌਜਵਾਨਾਂ ਅਤੇ ਰੁਜ਼ਗਾਰ, ਸਿੱਖਿਆ ਜਾਂ ਸਿਖਲਾਈ ਵਿੱਚ ਨਾ ਹੋਣ ਵਾਲੇ ਨੌਜਵਾਨਾਂ ਲਈ ਹੁਨਰ ਵਿਕਾਸ ਦੇ ਮੌਕੇ ਪ੍ਰਦਾਨ ਕਰਕੇ ਇਹਨਾਂ ਚੁਣੌਤੀਆਂ ਦਾ ਹੱਲ ਕਰਨ ਵਿੱਚ ਮਦਦ ਕਰਨ ਲਈ ਚੰਗੀ ਤਰ੍ਹਾਂ ਤਿਆਰ ਹਨ। 2030 ਏਜੰਡੇ ਲਈ ਇਸ ਦਹਾਕੇ ਦੇ ਕਾਰਜ ਦੌਰਾਨ, ਸਕਾਰਾਤਮਕ ਤਬਦੀਲੀ ਅਤੇ ਨਵੀਨਤਾ ਪੈਦਾ ਕਰਨ ਲਈ ਵਿਸ਼ਵਵਿਆਪੀ ਪ੍ਰਕਿਰਿਆਵਾਂ ਵਿੱਚ ਨੌਜਵਾਨਾਂ ਦੀ ਪੂਰੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਸੰਯੁਕਤ ਰਾਸ਼ਟਰ ਸਾਡੇ ਮਾਣਯੋਗ ਪ੍ਰਧਾਨ ਮੰਤਰੀ ਦੇ ਸੁਪਨਿਆਂ ਦੇ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਭਾਰਤ ਨੇ ਇਸ ਉਦੇਸ਼ ਲਈ ਇੱਕ ਵੱਖਰਾ ਮੰਤਰਾਲਾ ਸਥਾਪਤ ਕੀਤਾ ਹੈ ਜੋ ਸਹੀ ਸਿਖਲਾਈ, ਚੰਗੇ ਰੁਜ਼ਗਾਰ ਅਤੇ ਉੱਦਮਤਾ ਲਈ ਹੁਨਰ ਪ੍ਰਦਾਨ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ ਅਤੇ ਹੁਨਰ ਵਿਕਾਸ ਦੀ ਮਹੱਤਤਾ ਬਾਰੇ ਜਾਗਰੂਕਤਾ




ਪੈਦਾ ਕਰਨ ਲਈ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ।

ਦੋਸਤੋ, ਜੇਕਰ ਅਸੀਂ 15 ਜੁਲਾਈ 2025 ਨੂੰ ਵਿਸ਼ਵ ਹੁਨਰ ਦਿਵਸ ਬਾਰੇ ਜਾਣਨ ਦੀ ਗੱਲ ਕਰੀਏ, ਤਾਂ ਥੀਮ: 2025 ਲਈ, ਵਿਸ਼ਵ ਯੁਵਾ ਹੁਨਰ ਦਿਵਸ ਦਾ ਥੀਮ ÷ਏਆਈ ਅਤੇ ਡਿਜੀਟਲ ਹੁਨਰਾਂ ਰਾਹੀਂ ਯੁਵਾ ਸਸ਼ਕਤੀਕਰਨ÷ ਹੈ। ਮਹੱਤਵ: ਇਹ ਦਿਨ ਨੌਜਵਾਨਾਂ ਨੂੰ ਭਵਿੱਖ ਲਈ ਤਿਆਰ ਕਰਨ, ਤਕਨੀਕੀ ਅਤੇ ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ (ਟੀਵੀਈਟੀ) ਨੂੰ ਉਤਸ਼ਾਹਿਤ ਕਰਨ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੇ ਯੁੱਗ ਵਿੱਚ ਸੰਬੰਧਿਤ ਹੁਨਰ ਪ੍ਰਦਾਨ ਕਰਨ 'ਤੇ ਕੇਂਦ੍ਰਤ ਕਰਦਾ ਹੈ। ਸਮਾਗਮ: ਇਸ ਦਿਨ, ਵੱਖ-ਵੱਖ ਪ੍ਰੋਗਰਾਮ, ਵਰਕਸ਼ਾਪਾਂ ਅਤੇ ਸੰਵਾਦ ਆਯੋਜਿਤ ਕੀਤੇ ਜਾਂਦੇ ਹਨ, ਜਿਸ ਵਿੱਚ ਨੌਜਵਾਨਾਂ ਨੂੰ ਹੁਨਰ ਵਿਕਾਸ, ਰੁਜ਼ਗਾਰ ਅਤੇ ਉੱਦਮਤਾ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਭਾਗੀਦਾਰੀ: ਅਧਿਆਪਕਾਂ, ਮਾਪਿਆਂ, ਸਲਾਹਕਾਰਾਂ, ਸਿਖਲਾਈ ਪ੍ਰਦਾਤਾਵਾਂ ਅਤੇ ਹੋਰ ਸਾਰਿਆਂ ਨੂੰ ਇਹ ਯਕੀਨੀ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਨੌਜਵਾਨ ਲੋੜੀਂਦੇ ਹੁਨਰ ਪ੍ਰਾਪਤ ਕਰਨ। 12 ਜੁਲਾਈ, 2025 ਨੂੰ ਦੇਰ ਸ਼ਾਮ, ਮਾਨਯੋਗ ਉਪ ਰਾਸ਼ਟਰਪਤੀ ਨੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਹੁਨਰਾਂ ਦੇ ਵਿਕਾਸ ਬਾਰੇ ਕਿਹਾ। ਭਾਰਤੀ ਸੰਵਿਧਾਨ ਵਿੱਚ 22 ਵਿਜ਼ੂਅਲ ਚਿੱਤਰਾਂ ਵਿੱਚ ਇੱਕ ਗੁਰੂਕੁਲ ਦੀ ਤਸਵੀਰ ਵੀ ਹੈ। ਅਸੀਂ ਹਮੇਸ਼ਾ ਗਿਆਨ ਦੇ ਦਾਨ ਵਿੱਚ ਵਿਸ਼ਵਾਸ ਕੀਤਾ ਹੈ। ਕੋਚਿੰਗ ਸੈਂਟਰਾਂ ਨੂੰ ਆਪਣੇ ਬੁਨਿਆਦੀ ਢਾਂਚੇ ਦੀ ਵਰਤੋਂ ਉਨ੍ਹਾਂ ਨੂੰ ਹੁਨਰ ਕੇਂਦਰਾਂ ਵਿੱਚ ਬਦਲਣ ਲਈ ਕਰਨੀ ਚਾਹੀਦੀ ਹੈ। ਮੈਂ ਸਿਵਲ ਸੋਸਾਇਟੀ ਅਤੇ ਮੇਰੇ ਸਾਹਮਣੇ ਅਤੇ ਬਾਹਰ ਮੌਜੂਦ ਲੋਕ ਪ੍ਰਤੀਨਿਧੀਆਂ ਨੂੰ ਇਸ ਬੇਚੈਨੀ ਦੀ ਗੰਭੀਰਤਾ ਨੂੰ ਸਮਝਣ ਦੀ ਅਪੀਲ ਕਰਦਾ ਹਾਂ। ਉਨ੍ਹਾਂ ਨੂੰ ਸਿੱਖਿਆ ਵਿੱਚ ਸੰਜਮ ਬਹਾਲ ਕਰਨ ਲਈ ਇੱਕਜੁੱਟ ਹੋਣਾ ਪਵੇਗਾ। ਸਾਨੂੰ ਹੁਨਰਾਂ ਲਈ ਸਿਖਲਾਈ ਦੀ ਲੋੜ ਹੈ।

ਦੋਸਤੋ, ਜੇਕਰ ਅਸੀਂ ਭਾਰਤ ਦੁਆਰਾ ਨੌਜਵਾਨਾਂ ਦੇ ਹੁਨਰ ਵਿਕਾਸ ਲਈ ਚੁੱਕੇ ਗਏ ਕਦਮਾਂ ਦੀ ਗੱਲ ਕਰੀਏ, ਤਾਂ ਨੌਜਵਾਨਾਂ ਦੇ ਹੁਨਰ ਵਿਕਾਸ ਲਈ ਚੁੱਕੇ ਗਏ ਕਦਮ ਇਸ ਪ੍ਰਕਾਰ ਹਨ, ਉਦਯੋਗਿਕ ਸਿਖਲਾਈ ਸੰਸਥਾ: ਸਾਲ 1950 ਵਿੱਚ ਸੰਕਲਪਿਤ, ਭਾਰਤ ਵਿੱਚ ਮੌਜੂਦਾ ਲੰਬੇ ਸਮੇਂ ਦੇ ਸਿਖਲਾਈ ਵਾਤਾਵਰਣ ਨੂੰ ਵਧਾਉਣ ਅਤੇ ਆਧੁਨਿਕ ਬਣਾਉਣ ਦਾ ਉਦੇਸ਼ ਹੈ। ਪ੍ਰਧਾਨ ਮੰਤਰੀ ਹੁਨਰ ਵਿਕਾਸ ਯੋਜਨਾ: 2015 ਵਿੱਚ ਸ਼ੁਰੂ ਕੀਤੀ ਗਈ, ਇਸਦਾ ਉਦੇਸ਼ ਭਾਰਤ ਦੇ ਨੌਜਵਾਨਾਂ ਨੂੰ ਮੁਫਤ ਹੁਨਰ ਸਿਖਲਾਈ ਦੇ ਮੌਕੇ ਪ੍ਰਦਾਨ ਕਰਨਾ ਹੈ। ਪ੍ਰਧਾਨ ਮੰਤਰੀ ਹੁਨਰ ਵਿਕਾਸ ਯੋਜਨਾ - ਇਹ 2021 ਵਿੱਚ



